ਪ੍ਰ.1: ਗੁਰੂ ਨਾਨਕ ਦੇਵ ਜੀ ਦਾ ਜਨਮ ਕਿੱਥੇ ਹੋਇਆ?
ਉ.1: ਤਲਵੰਡੀ,ਨਨਕਾਣਾ ਸਾਹਿਬ (ਪਾਕਿਸਤਾਨ)।
ਪ੍ਰ.2: ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?
ੳ.2: 1469।
ਪ੍ਰ.3: ਗੁਰੂ ਨਾਨਕ ਦੇਵ ਜੀ ਦਾ ਜੀਵਨ ਕਾਲ ਕਿੰਨਾ ਸੀ?
ਉ.3:70 ਸਾਲ।
ਪ੍ਰ.4: ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਦਾ ਕੀ ਨਾਂ ਸੀ?
ਉ.4: ਭਾਈ ਕਲਿਆਣ ਦਾਸ(ਮਹਿਤਾ ਕਾਲੂ)ਅਤੇ ਮਾਤਾ ਤ੍ਰਿਪਤਾ ਜੀ।
ਪ੍ਰ.5: ਗੁਰੂ ਨਾਨਕ ਦੇਵ ਜੀ ਨੂੰ ਇੱਕ ਪੈਗੰਬਰ ਤੇ ਧਰਮ ਪ੍ਰਚਾਰਕ ਦੇ ਰੂਪ ਵਿਚ ਸਭ ਤੋਂ ਪਹਿਲਾ ਕਿਸਨੇ ਪਛਾਣਿਆ?
ਉ.5: ਉਹਨਾਂ ਦੀ ਭੈਣ ਨੇ।
ਪ੍ਰ.6: ਗੁਰੂ ਨਾਨਕ ਦੇਵ ਜੀ ਦੀ ਧਰਮ ਪਤਨੀ ਦਾ ਨਾਂ ਕੀ ਸੀ?
ੳ.6: ਮਾਤਾ ਸੁਲਖਣੀ ਜੀ।
ਪ੍ਰ.7: ਗੁਰੂ ਨਾਨਕ ਦੇਵ ਜੀ ਦੇ ਕਿੰਨੇ ਬੱਚੇ ਸਨ?
ਉ.7: ਦੋ।
ਪ੍ਰ.8: ਗੁਰੂ ਨਾਨਕ ਦੇਵ ਜੀ ਦੇ ਬੱਚਿਆਂ ਦੇ ਨਾਂ ਕੀ ਸਨ?
ਉ.8: ਸ਼੍ਰੀ ਚੰਦ ਅਤੇ ਲਖਮੀ ਚੰਦ।
ਪ੍ਰ.9: ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਂ ਕੀ ਸੀ?
ਉ.9: ਬੀਬੀ ਨਾਨਕੀ ਜੀ।
ਪ੍ਰ.10: ਗੁਰੂ ਨਾਨਕ ਦੇਵ ਜੀ ਦਾ ਬਚਪਨ ਦਾ ਸੰਗੀ ਕੌਣ ਸੀ?
ਉ.10: ਭਾਈ ਮਰਦਾਨਾ ਜੀ।
ਪ੍ਰ.11: ਗੁਰੂ ਨਾਨਕ ਦੇਵ ਜੀ ਦੇ ਸਾਥੀ ਭਾਈ ਮਰਦਾਨਾ ਜੀ ਦਾ ਜਨਮ ਕਦੋਂ ਹੋਇਆ?
ਉ.11: ਭਾਈ ਮਰਦਾਨਾ ਜੀ ਦਾ ਜਨਮ ਸੰਨ 1459 ਵਿਚ ਹੋਇਆ ਸੀ।
ਪ੍ਰ.12: ਭਾਈ ਮਰਦਾਨਾ ਜੀ ਦੇ ਮਾਤਾ ਪਿਤਾ ਕੌਣ ਸਨ?
ਉ.12: ਭਾਈ ਬਦਰੇ ਅਤੇ ਮਾਈ ਲੱਖੋ,ਮਾਤਾ ਪਿਤਾ ਮੁਸਲਿਮ ਸਨ।
ਪ੍ਰ.13: ਭਾਈ ਮਰਦਾਨਾ ਜੀ ਦਾ ਜਨਮ ਕਿੱਥੇ ਹੋਇਆ ਸੀ?
ਉ.13: ਨਨਕਾਣਾ ਸਾਹਿਬ ਵਿੱਖੇ।
ਪ੍ਰ.14: ਗੁਰੂ ਨਾਨਕ ਦੇਵ ਜੀ ਦੇ ਪਿਤਾ ਨੇ ਉਹਨਾਂ ਨੂੰ 20 ਰੁਪਏ ਕਿਸ ਲਈ ਦਿੱਤੇ?
ਉ.14: ਇੱਕ ਚੰਗਾ ਵਪਾਰ(ਸੱਚਾ ਸੌਦਾ)ਕਰਣ ਲਈ।

ਪ੍ਰ.15: ਜਦੋਂ ਗੁਰੂ ਨਾਨਕ ਦੇਵ ਜੀ ਸਕੂਲ ਗਏ ਤਾਂ ਉਹਨਾ ਨੇ ਅਧਿਆਪਕ ਨੂੰ ਕੀ ਵਰਨਣ ਕਰਨ ਲਈ ਕਿਹਾ ?

ਉ.15: ਹਰ ਅੱਖਰ ਦਾ ਅਰਥ।

ਪ੍ਰ.16: ਗੁਰੂ ਨਾਨਕ ਦੇਵ ਜੀ ਨੇ ਸਿਖਾਂ ਨੂੰ ਕੀ ਉਪਦੇਸ਼ ਦਿੱਤਾ?

ਉ.16: ਪ੍ਰਭੂ ਨਾਲ ਇਕਮਿਕਤਾ ਦਾ।

ਪ੍ਰ.17: ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤ੍ਰਾਵਾਂ ਵਿੱਚ ਕਿੰਨਾ ਸਫਰ ਤੈਅ ਕੀਤਾ?

ਉ.17: 20,000 ਕਿਲੋਮੀਟਰ।

ਪ੍ਰ.18: ਗੁਰੂ ਨਾਨਕ ਦੇਵ ਜੀ ਪੱਛਮ ਦੀਆਂ ਯਾਤ੍ਰਾਵਾਂ ਵਿੱਚ ਕਿੱਥੇ-2 ਗਏ ?

ਉ.18: ਬਗਦਾਦ, ਇਰਾਨ, ਅਫਗਾਨਿਸਤਾਨ, ਮੱਕਾ ਵਗੈਰਾ ।

ਪ੍ਰ.19: ਤਿੱਬਤ ਦੇ ਲੋਕ ਗੁਰੂ ਨਾਨਕ ਸਾਹਿਬ ਦੀ ਪੂਜਾ ਕਰਦੇ ਹਨ ,ਉਹ ਗੁਰੂ ਜੀ ਨੂੰ ਕੀ ਬੁਲਾਂਦੇ ਹਨ?

ਉ.19: ਨਾਨਕ ਲਾਮਾ ।

ਪ੍ਰ.20: ਗੁਰੂ ਨਾਨਕ ਦੇਵ ਜੀ ਨੇ ਨਦੀ ਵਿੱਚੋਂ ਬਾਹਰ ਆ ਕੇ ਕੀ ਕਿਹਾ?

ਉ.20: " ਨਾ ਕੋ ਹਿੰਦੂ , ਨਾ ਮੁਸਲਮਾਨ "

ਪ੍ਰ.21: ਗੁਰੂ ਨਾਨਕ ਦੇਵ ਜੀ ਨੇ " ਨਾ ਕੋਈ ਹਿੰਦੂ, ਨਾ ਮੁਸਲਮਾਨ" ਕਿਉਂ ਕਿਹਾ ?

ਉ.21: ਕਿਉਂਕਿ ਸਭ ਮਨੁੱਖੀ ਜੀਵ ਬਰਾਬਰ ਹਨ ।

ਪ੍ਰ.22: ਗੁਰੂ ਨਾਨਕ ਦੇਵ ਜੀ ਨੇ ਕਿੰਨੇ ਸ਼ਬਦ ਉਚਾਰੇ ?

ਉ.22: ਗੁਰੂ ਗ੍ਰੰਥ ਸਾਹਿਬ ਵਿੱਚ 974 ਹਨ ।

ਪ੍ਰ.23: ਗੁਰੂ ਜੀ ਨੇ ਮਲ਼ਿਕ ਭਾਗੋ ਦੇ ਖਾਣੇ ਨੂੰ ਨਾਂਹ ਕਿਉਂ ਕੀਤੀ ?

ਉ.23: ਗੁਰੂ ਜੀ ਨੇ ਕਿਹਾ ਕਿ ਉਹ ਇਮਾਨਦਾਰੀ ਦੀ ਕਿਰਤ ਨਹੀਂ ਕਰਦਾ ।

ਪ੍ਰ.24: ਬਟਾਲੇ ਵਿਖੇ ਜਿਸ ਕੰਧ ਲਾਗੇ ਗੁਰੂ ਜੀ ਬੈਠੇ ਸਨ , ਕੀ ਉਹ ਕੰਧ ਹੁਣ ਹੈ ?

ਉ.24: ਜੀ ਹਾਂ , ਹੁਣ ਵੀ ਖੜੀ ਹੈ।

ਪ੍ਰ.25: ਗੁਰੂ ਨਾਨਕ ਸਾਹਿਬ ਜੋਤੀ ਜੋਤ ਕਦ ਸਮਾਏ ?

ਉ.25: ਕਰਤਾਰਪੁਰ ਵਿਖੇ ,5 ਜੁਲਾਈ 1539ਈ: ।

ਪ੍ਰ.26: ਗੁਰੂ ਅੰਗਦ ਸਾਹਿਬ ਜੀ ਦਾ ਜਨਮ ਕਦੋਂ ਤੇ ਕਿਥੇ ਹੋਇਆ?

ਉ.26: 31 ਮਾਰਚ 1504 ਈ: ਨੂੰ ਫਿਰੋਜ਼ਪੁਰ ।

ਪ੍ਰ.27: ਗੁਰੂ ਅੰਗਦ ਦੇਵ ਜੀ ਦੇ ਮਾਤਾ ਪਿਤਾ ਦਾ ਨਾਂ ਕੀ ਸੀ ?

ਉ.27: ਮਾਤਾ ਖੀਵੀ ਜੀ ਅਤੇ ਪਿਤਾ ਫੇਰੂ ਮੱਲ ਜੀ।

ਪ੍ਰ.28: ਗੁਰੂ ਅੰਗਦ ਦੇਵ ਜੀ ਦੀ ਧਰਮ ਸੁਪਤਨੀ ਦਾ ਨਾਂ ਕੀ ਸੀ ?

ਉ.28: ਮਾਤਾ ਖੀਵੀ ਜੀ।

ਪ੍ਰ.29: ਗੁਰੂ ਅੰਗਦ ਦੇਵ ਜੀ ਦੇ ਬੱਚਿਆਂ ਦੇ ਨਾਂ ਕੀ ਸਨ ?
ਉ.29: ਬਾਬਾ ਦਾਤੂ ਜੀ, ਬਾਬਾ ਦਾਸੂ ਜੀ, ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ।
ਪ੍ਰ.30: ਗੁਰੂ ਅੰਗਦ ਦੇਵ ਜੀ ਗੁਰੂ ਕਦੋਂ ਬਣੇ ?
ਉ.30: 1539।
ਪ੍ਰ.31: ਗੁਰੂ ਅਮਰਦਾਸ ਜੀ ਦਾ ਜਨਮ ਕਦੋਂ ਹੋਇਆ ?
ਉ.31: 5 ਮਈ, 1479।
ਪ੍ਰ.32: ਗੁਰੂ ਅਮਰਦਾਸ ਜੀ ਨੇ ਇਸਤਰੀ ਨੂੰ ਪੁਰਸ਼ ਦੇ ਮੁਕਾਬਲੇ ਵਿੱਚ ਕਿਸ ਤਰ੍ਹਾਂ ਦਾ ਰੁਤਬਾ ਦਿੱਤਾ ?
ਉ.32 : ਬਰਾਬਰੀ ਦਾ।
ਪ੍ਰ.33: ਗੁਰੂ ਅਮਰਦਾਸ ਜੀ ਨੇ ਕਿਹੜਾ ਸ਼ਹਿਰ ਵਸਾਇਆ?
ਉ.33 : ਗੋਇੰਦਵਾਲ ਸਾਹਿਬ।
ਪ੍ਰ.34: ਗੁਰੂ ਰਾਮ ਦਾਸ ਜੀ ਦਾ ਜਨਮ ਕਦੋਂ ਹੋਇਆ ਸੀ?
ਉ.34 : 25 ਸਤੰਬਰ, 1534 ।
ਪ੍ਰ.35: ਗੁਰੂ ਰਾਮਦਾਸ ਜੀ ਦੀ ਉਮਰ ਕਿੰਨੀ ਸੀ,ਜਦ ਉਹਨਾਂ ਦੇ ਮਾਤਾ ਪਿਤਾ ਅਕਾਲ ਚਲਾਣਾ ਕਏ ਗਏ?
ਉ.35: ਸੱਤ ਸਾਲ।
ਪ੍ਰ.36: ਗੁਰੂ ਰਾਮਦਾਸ ਜੀ ਦੇ ਬੱਚਿਆਂ ਦੇ ਕੀ ਸਨ?
ਉ.36: ਪ੍ਰਿਥੀ ਚੰਦ,ਗੁਰੂ ਅਰਜਨ ਦੇਵ,ਮਹਾਦੇਵ।
ਪ੍ਰ.37: ਗੁਰੂ ਰਾਮਦਾਸ ਜੀ ਨੇ ਧਰਮ ਦਾ ਪ੍ਰਚਾਰ ਕਿਸ ਤਰ੍ਹਾਂ ਕੀਤਾ?
ਉ.37: ਅੰਮ੍ਰਿਤਸਰ ਨਗਰ ਵਸਾਇਆ।
ਪ੍ਰ.38: ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਨਗਰ ਕਦੋਂ ਵਸਾਇਆ?
ਉ.38: 1574 ।
ਪ੍ਰ.39: ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਸਰੋਵਰ ਦੀ ਖੁਦਵਾਈ ਕਦੋਂ ਅਰੰਭ ਕੀਤੀ?
ਉ.39: ਸੰਨ 1573 ।
ਪ੍ਰ.40: ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ?
ਉ.40: 15 ਅਪਰੈਲ 1563 ।
ਪ੍ਰ.41: ਗੁਰੂ ਅਰਜਨ ਦੇਵ ਜੀ ਨੂੰ ਕਿਉਂ ਬੰਦੀ ਬਣਾਇਆ, ਤਸੀਹੇ ਦਿੱਤੇ ਅਤੇ ਸ਼ਹੀਦ ਕੀਤਾ ਗਿਆ ਸੀ?
ਉ.41: ਕਿਉਂਕਿ ਬਾਦਸ਼ਾਹ ਜਹਾਂਗੀਰ ਨੇ ਸੋਚਿਆ ਕਿ ਗੁਰੂ ਅਰਜਨ ਦੇਵ ਜੀ ਦੀ ਵਧਦੀ ਮਾਨਤਾ ਇਸਲਾਮ ਲਈ ਖਤਰਾ ਹੈ ਅਤੇ ਉਹਨਾਂ ਨੇ ਉਸਦੇ ਬਗਾਵਤੀ ਪੁੱਤਰ ਖੁਸਰੋ ਦੀ ਮਦਦ ਕੀਤੀ ਹੈ।

ਪ੍ਰ.42: ਗੁਰੂ ਅਰਜਨ ਦੇਵ ਜੀ ਨੂੰ ਕਿਸ ਪਰਕਾਰ ਤਸੀਹੇ ਦਿੱਤੇ ਗਏ ਸਨ?
ਉ.42: ਉਹਨਾਂ ਨੂੰ ਤਪਦੀ ਲੋਹ ਤੇ ਬਿਠਾਇਆ ਗਿਆ ਅਤੇ ਗਰਮ ਰੇਤ ਉਹਨਾਂ ਦੇ ਸਰੀਰ ਤੇ ਪਾਈ ਗਈ।
ਪ੍ਰ.43: ਸ਼ਹੀਦੀ ਪ੍ਰਾਪਤ ਕਰ ਕੇ ਗੁਰੂ ਅਰਜਨ ਜੀ ਨੇ ਸਿੱਖਾਂ ਨੂੰ ਕੀ ਸੰਦੇਸ਼ ਦਿੱਤਾ?
ਉ.43: ਉਹਨਾਂ ਨੇ ਸਿੱਖਾਂ ਨੂੰ ਅਕਾਲ ਪੁਰਖ ਦਾ ਭਾਣਾ ਮੰਨਣਾ ਸਿਖਾਇਆ।
ਪ੍ਰ.44:ਗੁਰੂ ਅਰਜਨ ਦੇਵ ਜੀ ਦੀਆਂ ਸਿੱਖੀ ਨੂੰ ਸਭ ਤੋਂ ਵੱਡੀਆਂ ਤਿੰਨ ਦੇਣਾਂ ਕਿਹੜੀਆਂ ਹਨ?
ਉ.44: ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ, ਸਵਰਨ ਮੰਦਿਰ ਦੀ ਉਸਾਰੀ ਅਤੇ ਪਹਿਲੇ ਸਿਖ ਸ਼ਹੀਦ ਬਣੇ।
ਪ੍ਰ.45: ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਕਿਸ ਨੇ ਦਿੱਤੇ?
ਉ.45: ਬਾਦਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ,ਮੁਰਤਜ਼ਾ ਖਾਨ ਨੇ।
ਪ੍ਰ.46: ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿੱਥੇ ਹੋਈ?
ਉ.46: ਲਾਹੌਰ।
ਪ੍ਰ.47: ਗੁਰੂ ਅਰਜਨ ਦੇਵ ਜੀ ਦੇ ਵੰਸ਼ਜ, ਸੋਢੀ ਪਰਵਾਰ ਦੇ ਸਦੱਸ, ਹੁਣ ਵੀ ਪੰਜਾਬ ਦੇ ਕਿਸ ਨਗਰ ਵਿਚ ਰਹਿੰਦੇ ਹਨ?
ਉ.47: ਕਰਤਾਰਪੁਰ।
ਪ੍ਰ.48: ਕਿਹੜੇ ਗੁਰੂ ਜੀ ਨੇ ਆਪਣੇ ਸ਼ਰਧਾਲੂਆ ਨੂੰ ਸ਼ਸ਼ਤਰ ਰੱਖਣ ਲੀ ਕਿਹਾ?
ਉ.48: ਗੁਰੂ ਹਰਿਗੋਬਿੰਦ ਸਾਹਿਬ ਜੀ ਨੇ।
ਪ੍ਰ.49: ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ ਕਦੋ ਹੋਇਆ
ਉ.49: 1595।
ਪ੍ਰ.50: ਗੁਰੂ ਹਰਿਗੋਬਿੰਦ ਸਾਹਿਬ ਗੇ ਪਿਤਾ ਕੌਣ ਸਨ?
ਉ.50: ਗੁਰੂ ਅਰਜਨ ਦੇਵ ਜੀ
ਪ੍ਰ.51: ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿੱਥੇ ਬੰਦੀ ਰੱਖਿਆ ਗਿਆ?
ਉ.51: ਗਵਾਲੀਅਰ ਦੇ ਕਿਲ੍ਹੇ ਦੇ ਵਿੱਚ।
ਪ੍ਰ.52: ਗੁਰੂ ਹਰਿਗੋਬਿੰਦ ਸਾਹਿਬ ਨੂੰ ਜੇਲ ਵਿੱਚ ਕਿਸ ਨੇ ਪਾਇਆ ਸੀ?
ਉ.52: ਜਗਾਂਗੀਰ ਨੇ।
ਪ੍ਰ.53: ਜਦ ਗੁਰੂ ਹਰਗੋਬਿੰਦ ਸਾਹਿਬ ਨੂੰ ਜੇਲ ਛੱਡ ਜਾਣ ਦੀ ਆਗਿਆ ਮਿਲ ਗਈ, ਕਿੰਨੇ ਬੰਦੀ ਰਾਜਿਆਂ ਨੂੰ ਵੀ ਰਿਹਾ ਕਤਿਾ ਗਿਆ ?
ਉ.53: 52.

ਪ੍ਰ.54: ਗੁਰੂ ਹਰਗੋਬਿੰਦ ਸਾਹਿਬ ਨੇ ਕਿਸ ਬਾਦਸ਼ਾਹ ਦੀਆਂ ਹਮਲਾਵਾਰ ਮੁਗਲ ਸੈਨਾਵਾਂ ਵਿਰੁਧ ਛੇ ਜੰਗਾਂ ਲੜੀਆਂ ?
ਉ.54: ਸ਼ਾਹਜਹਾਂ ।
ਪ੍ਰ.55: ਜਦ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲੇ ਵਿਚ ਬੰਦੀ ਸਨ, ਉਸ ਵੇਲੇ ਪੰਥ {ਸਿੱਖ ਧਰਮ} ਦੀ ਅਗਵਾਈ ਕੌਣ ਕਰ ਰਿਹਾ ਸੀ ?
ਉ.55: ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ
ਪ੍ਰ.56:ਗੁਰੂ ਹਰਗੋਬਿੰਦ ਸਾਹਿਬ ਨੇ ਦੋ ਕਿਰਪਾਨਾਂ ਕਿਉਂ ਧਾਰਣ ਕੀਤੀਆਂ ?
ਉ.56:ਮੀਰੀ ਅਤੇ ਪੀਰੀ ਜੋ ਰਾਜਨੀਤੀ ਅਤੇ ਅਧਿਆਤਮਿਕ ਪੱਖਾਂ ਦੀਆਂ ਪਰਤੀਕ ਸਨ।
ਪ੍ਰ.57:ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਧਰਮ ਵਿੱਚ ਪਰੀਵਰਤਨ ਕਿਸ ਪਰਕਾਰ ਲਿਆਂਦਾ ?
ਉ.57:ਉਹਨਾਂ ਨੇ ਸਿੱਖਾਂ ਨੂੰ ਸੰਤ ਸਿਪਾਹੀ ਬਣਾਇਆ।
ਪ੍ਰ.58:ਗੁਰੂ ਹਰ ਰਾਇ ਜੀ ਕਿਸ ਗੁਰੂ ਜੀ ਦੇ ਪੋਤਰੇ ਸਨ?
ਉ.58:ਗੁਰੂ ਹਰਗੋਬਿੰਦ ਸਾਹਿਬ।
ਪ੍ਰ.59:ਗੁਰੂ ਹਰ ਰਾਇ ਜੀ ਦਾ ਜਨਮ ਕਦੋ ਹੋਇਆ?
ਉ.59:1630।
ਪ੍ਰ.60:ਗੁਰੂ ਹਰਕ੍ਰਿਸ਼ਨ ਜੀ ਦੇ ਮਾਤਾ ਪਿਤਾ ਦੇ ਨਾਂ ਕੀ ਸੀ?
ਉ.60:ਗੁਰੂ ਹਰ ਰਾਇ ਜੀ ਅਤੇ ਕ੍ਰਿਸ਼ਨ ਕੌਰ ਜੀ।
ਪ੍ਰ.61:ਗੁਰੂ ਹਰਕ੍ਰਿਸ਼ਨ ਜੀ ਦਾ ਜਨਮ ਕਦੋਂ ਹੋਇਆ?
ਉ.61:7 ਜੁਲਾਈ,1656।
ਪ੍ਰ.62:ਗੁਰੂ ਹਰਕ੍ਰਿਸ਼ਨ ਜੀ ਕਿੰਨੀ ਉਮਰ ਵਿੱਚ ਗੁਰੂ ਬਣੇ?
ਉ.62:5 ਸਾਲ।
ਪ੍ਰ.63:ਜੋਤੀ ਜੋਤਿ ਸਮਾਣ ਵੇਲੇ ਗੁਰੂ ਹਰਕਿਸ਼ਨ ਜੀ ਦੀ ਆਯੂ ਕਿੰਨੀ ਸੀ?
ਉ.63: 8 ਸਾਲ
ਪ੍ਰ.64:ਗੁਰੂ ਤੇਗ ਬਹਾਦਰ ਜੀ ਦਾ ਜਨਮ ਕਿੱਥੇ ਹੋਇਆ ?
ਉ.64:ਅਮ੍ਰਿਤਸਰ ।
ਪ੍ਰ.65:ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਦੋਂ ਹੋਈ ?
ਉ.65:1675 ।
ਪ੍ਰ.66: ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਿੱਥੇ ਹੋਈ?
ਉ.66: ਚਾਂਦਨੀ ਚੌਕ, ਦਿੱਲੀ ।

ਪ੍ਰ.67:ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦੀ ਪ੍ਰਾਪਤ ਕਰਨ ਵਾਲਿਆਂ ਦੇ ਨਾਂ ਦਸੋ।
ਉ.67:ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ।
ਪ੍ਰ.68:ਭਾਈ ਲੱਖੀ ਸ਼ਾਹ ਨੇ ਕੀ ਕੀਤਾ?
ਉ.68:ਗੁਰੂ ਤੇਗ ਬਹਾਦਰ ਜੀ ਦੇ ਸੀਸ ਉਤਾਰਨ ਤੋਂ ਬਾਅਦ, ਉਸਨੇ ਉਹਨਾਂ ਦੇ ਦੇਹ ਦਾ ਸਸਕਾਰ ਕੀਤਾ।
ਪ੍ਰ.69:ਕੌਣ ਗੁਰੂ ਤੇਗ ਬਹਾਦਰ ਜੀ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਕੇ ਗਏ?
ਉ.69:ਭਾਈ ਜੈਤਾ ਜੀ।
ਪ੍ਰ.70:ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਪਿਤਾ ਕੌਣ ਸਨ?
ਉ.70:ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ।
ਪ੍ਰ.71:ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?
ਉ.71:22 ਦਸੰਬਰ,1666 ਨੂੰ ਪਟਨਾ ਸਾਹਿਬ ਵਿਖੇ।
ਪ੍ਰ.72:ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਕਾਲ ਕਿੰਨੇ ਸਾਲ ਸੀ?
ਉ.72: 42 ਸਾਲ।
ਪ੍ਰ.73:ਜਦ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦੀ ਲਈ ਉਤਸ਼ਾਹਿਤ ਕੀਤਾ,ਉਸ ਵੇਲ਼ੇ ਗੁਰੂ ਗੋਬਿੰਦ ਸਿੰਘ ਜੀ ਦੀ ਆਯੂ ਕਿੰਨੀ ਸੀ?
ਉ.73: 9 ਸਾਲ।
ਪ੍ਰ.74:ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਪਟਨਾ,ਭਾਰਤ ਦੇ ਕਿਸ ਪ੍ਰਾਂਤ ਵਿੱਚ ਹੈ?
ਉ.74:ਬਿਹਾਰ।
ਪ੍ਰ.75:ਨਾਂਦੇੜ,ਜਿੱਥੇ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ,ਥਾਂ ਕਿੱਥੇ ਹੈ?
ਉ.75: ਮਹਾਂਰਾਸ਼ਟਰ।
ਪ੍ਰ.76:'1699' ਵਿੱਚ  ਸਿੰਘ ਸਜਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਕੀ ਸੀ?
ਉ.76: ਗੋਬਿੰਦ ਰਾਏ।
ਪ੍ਰ.77:ਗੁਰੂ ਗੋਬਿੰਦ ਸਿੰਘ ਜੀ ਦੇ ਕਿੰਨੇ ਸਪੁਤਰ ਸਨ?
ਉ.77:ਚਾਰ।
ਪ੍ਰ.78: ਚਾਰ ਸਾਹਿਬਜ਼ਾਦਿਆਂ ( ਗੁਰੂ ਗੋਬਿੰਦ ਸਿੰਘ ਜੀ ਚਾਰਾ ਸਪੁਤਰਾਂ)  ਦੇ ਨਾਂ ਦਸੋ?
ਉ.78: ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਜੀ.
ਪ੍ਰ.79: ਗੁਰੂ ਗੋਬਿੰਦ ਸਿੰਘ ਜੀ ਨਾਲੋਂ ਨਿਖਵਨ ਤੋਂ ਬਾਦ, ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨਾਲ ਕੀ ਵਾਪਰਿਆ?
ਉ.79:ਉਹਨਾਂ ਨੂੰ ਸਰਹੰਦ ਵਿਖੇ ਬੰਦੀ ਬਣਾਇਆ ਗਿਆ.

ਪ੍ਰ.80: ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨਾਲ ਅਖੀਰ ਵਿੱਚ ਕੀ ਵਾਪਰਿਆ?
ਉ.80:ਉਹਨਾਂ ਨੂੰ ਜਿੰਦਿਆਂ ਇਟਾਂ ਵਿੱਚ ਚਿਣ ਦਿੱਤਾ ਗਿਆ।
ਪ੍ਰ.81:ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਨੂੰ ਜਿੰਦਿਆਂ ਇੱਟਾਂ ਵਿੱਚ ਕਿਥੇ ਚਿਣਿਆ ਗਿਆ?
ਉ.81:ਫਤਹਿਗੜ੍ਹ ਸਾਹਿਬ, ਸਰਹਿੰਦ।
ਪ੍ਰ.82:ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵਡੇ ਸਾਹਿਬਜਾਦਿਆਂ ਦੀ ਸ਼ਹਾਦਤ ਕਿਸ ਤਰ੍ਹਾਂ ਹੋਈ?
ਉ.82:ਚਮਕੌਰ ਵਿਖੇ ਜੰਗ ਲੜਦਿਆਂ।
ਪ੍ਰ.83: ਗੁਰੂ ਗੋਬਿੰਦ ਸਿੰਘ ਜੀ ਨੇ ਕਿੰਨੀਆਂ ਜੰਗਾਂ ਲੜੀਆਂ ?
ਉ.83: ਸੱਤ ।
ਪ੍ਰ.84:ਸਿੱਖ ਧਰਮ ਦੇ ਬਾਨੀਆਂ ਨੇ ਗੁਰੂ ਗ੍ਰੰਥ ਸਾਹਿਬ ਵਿੱਚਲੇ ਸਿਧਾਂਤਾਂ ਨੂੰ ਅਮਲੀ ਰੂਪ ਕਿਸ ਤਰ੍ਹਾ ਦਿੱਤਾ?
ਉ.84:ਗੁਰਬਾਣੀ ਤੋਂ ਸੇਧ ਲੈ ਕੇ।"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥"
ਪ੍ਰ.85:ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸ ਨੇ ਛੁਰਾ ਮਾਰਿਆ?
ਉ.85:ਇੱਕ ਪਠਾਨ ਨੇ।
ਪ੍ਰ.86:ਜੋਤੀ ਜੋਤਿ ਸਮਾਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੀ ਆਯੂ ਕਿੰਨੀ ਸੀ?
ਉ.86: 42 ਸਾਲ।
ਪ੍ਰ.87: ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਕਿਥੇ ਸਮਾਏ?
ਉ.87: ਹਜ਼ੂਰ ਸਾਹਿਬ, ਨਾਂਦੇੜ।
ਪ੍ਰ.88: ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਕਦੋਂ ਸਮਾਏ?
ਉ.88: 7 ਅਕਤੂਬਰ,1708 ।
ਪ੍ਰ.89: ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖਤਾਂ ਕਿਹੜੀਆ ਭਾਸ਼ਾਵਾਂ ਵਿੱਚ ਹਨ?
ਉ.89: ਕਈ ਵੱਖ ਵੱਖ ਭਾਸ਼ਾਵਾਂ ਵਿੱਚ ।
ਪ੍ਰ.90: ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਨਾ ਕਦੋਂ ਤੇ ਕਿਥੇ ਕੀਤੀ?
ਉ.90: ਸੰਨ 1699, ਅਨੰਦਪੁਰ ਸਾਹਿਬ ।
ਪ੍ਰ.91: ਪਹਿਲੇ ਗੁਰੂ ਕੌਨ ਸਨ?
ਉ.91: ਗੁਰੂ ਨਾਨਕ ਦੇਵ ਜੀ ।
ਪ੍ਰ.92: ਆਖਰੀ ਸਜੀਵ ਗੁਰੂ ਕੌਣ ਸਨ?
ਉ.92: ਗੁਰੂ ਗੋਬਿੰਦ ਸਿੰਘ ਜੀ।

ਪ੍ਰ.93: ਗੁਰੂ ਤੋਂ ਕੀ ਭਾਵ ਹੈ?
ਉ.93: ਗੁਰੂ ਸਿਕ਼ਸ਼ਕ ਹੁੰਦਾ ਹੈ ਜੋ ਅੰਧਿਆਰੇ(ਬੇਸਮਝੀ) ਤੋਂ ਮੁਕਤ ਕਰਦਾ ਹੈ।
ਪ੍ਰ.94: ਸਿੱਖਾਂ ਦੇ ਵਰਤਮਾਨ ਗੁਰੂ ਕੌਣ ਹਨ?
ਉ.94: ਗੁਰੂ ਗ੍ਰੰਥ ਸਾਹਿਬ ਜੀ ।
ਪ੍ਰ.95: ਉਹ ਕਿਹੜੇ ਇਕੋ ਗੁਰੂ ਸਨ ਜਿਨਹਾਂ ਦੇ ਨਾਂ ਵਿੱਚ ਸਿੰਘ ਦਾ ਸ਼ਬਦ ਸੀ ?
ਉ.95: ਗੁਰੂ ਗੋਬਿੰਦ ਸਿੰਘ ਜੀ।
ਪ੍ਰ.96: ਸਿੱਖਾਂ ਨੂੰ ਸਿੰਘ ਅਤੇ ਕੌਰ ਦਾ ਨਾਂ ਦੇਣ ਵਾਲੇ ਕੌਣ ਸਨ?
ਉ.96: ਗੁਰੂ ਗੋਬਿੰਦ ਸਿੰਘ ਜੀ।
ਪ੍ਰ.97: ਤਰਨ ਤਾਰਨ ਸਾਹਿਬ ਵਿੱਚ ਕੁਸ਼ਟ ਰੋਗੀਆਂ ਲਈ ਪਹਿਲਾ ਘਰ ਬਣਾਉਣ ਵਾਲੇ ਗੁਰੂ ਕੌਣ ਸਨ?
ਉ.97: ਗੁਰੂ ਅਰਜਨ ਸਾਹਿਬ ਜੀ ।
ਪ੍ਰ.98: ਗੁਰਮੁਖੀ ਲਿਪੀ (ਲਿਖਤ ਪੰਜਾਬੀ ) ਕਿਸ ਗੁਰੂ ਸਾਹਿਬ ਜੀ ਨੇ ਪ੍ਰਚਾਰ ਕੀਤਾ?
ਉ.98: ਗੁਰੂ ਅੰਗਦ ਸਾਹਿਬ ਜੀ ।
ਪ੍ਰ.99: ਲ਼ੰਗਰ ਦੀ ਪ੍ਰਥਾ ਕਿਸ ਗੁਰੂ ਸਾਹਿਬ ਜੀ ਨੇ ਅਰੰਭ ਕੀਤੀ?
ਉ.99: ਗੁਰੂ ਨਾਨਕ ਸਾਹਿਬ ਜੀ।
ਪ੍ਰ.100: ਅੰਮ੍ਰਿਤਸਰ ਵਿੱਚ ਜਨਮ ਲੈਣ ਵਾਲੇ ਇਕੋ ਗੁਰੂ ਕੌਣ ਸਨ?
ਉ.100: ਗੁਰੂ ਤੇਗ ਬਹਾਦਰ ਸਾਹਿਬ ਜੀ ।
ਪ੍ਰ.101: ਦੂਜੀ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਿਸ ਨੇ ਕਦੋਂ ,ਕਿਥੇ ਕੀਤਾ?
ਉ.101: ਗੁਰੂ ਗੋਬਿੰਦ ਸਿੰਘ ਜੀ ਨੇ ,ਸੰਨ 1706 ਈ: ਵਿੱਚ,ਦਮਦਮਾ ਸਾਹਿਬ ਵਿਖੇ ਕੀਤਾ।
ਪ੍ਰ.102: ਗੁਰੂ ਗੋਬਿੰਦ ਸਿੰਘ ਜੀ ਨੂੰ ਅੰਮ੍ਰਿਤ (ਖੰਡੇ ਦੀ ਪਾਹੁਲ) ਕਿਸ ਨੇ ਛਕਾਇਆ ?
ਉ.102: ਪਹਿਲੇ ਪੰਜ ਪਿਆਰਿਆਂ ਨੇ।
ਪ੍ਰ.103: ਕਿਹੜੀਆਂ ਦੋ ਘਟਨਾਵਾਂ ਨੇ 15ਵੀਂ ਸਦੀ ਦੇ ਸੰਜਮੀ ਸ਼ਰਧਾਲੂਆਂ ਤੋਂ 17ਵੀਂ ਸਦੀ ਦੇ ਸਿੱਖਾਂ ਨੂੰ ਨਿਡਰ ਸਿਪਾਹੀਆਂ ਵਿੱਚ ਪ੍ਰਵਿਰਤ ਕਰ ਦਿਤਾ?
ਉ.103: ਗੁਰੂ ਅਰਜਨ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੇ।
ਪ੍ਰ.104:ਪਿਤਾ ਦੀ ਸ਼ਹੀਦੀ ਕਾਰਣ ਕਿਹੜੇ ਦੋ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਸ਼ਸ਼ਤਰਧਾਰੀ ਬਣਾਣ ਦੇ ਨਿਰਨਾਇਕ ਕਦਮ ਚੁੱਕੇ?
ਉ.104:ਗੁਰੂ ਹਰਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ।
ਪ੍ਰ.105:ਭਾਈ ਬਿਧੀ ਚੰਦ ਜੀ ਕਿਹੜੇ ਦੋ ਗੁਰੂ ਸਾਹਿਬਾਨ ਦੀ ਸੇਵਾ ਵਿਚ ਰਹੇ?
ਉ.105:ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ।

ਪ੍ਰ.106:ਬਾਬਾ ਬੁਢਾ ਜੀ ਕੌਣ ਸਨ?
ਉ.106:ਉਹ ਸੰਨ 1506 ਵਿਚ ਜਨਮੇ ਸਨ ਅਤੇ ਗੁਰੂ ਗ੍ਰੰਥ (ਪੋਥੀ) ਸਾਹਿਬ ਦੇ ਪਹਿਲੇ ਪ੍ਰਕਾਸ਼ ਵੇਲੇ ਪਹਿਲੇ ਗ੍ਰੰਥੀ ਸਨ।
ਪ੍ਰ.107:ਬਾਦਸ਼ਾਹ ਜਹਾਂਗੀਰ ਦੁਆਰਾ ਕਿਹੜੇ ਗੁਰੂ ਤੱਤੀ ਤਵੀ ਤੇ ਬਿਠਾਏ ਗਏ?
ਉ.107:ਗੁਰੂ ਅਰਜਨ ਦੇਵ ਜੀ।
ਪ੍ਰ.108:ਪਹਿਲੇ ਗੁਰਦੁਆਰੇ ਦੀ ਸਥਾਪਨਾ ਕਿਸ ਗੁਰੂ ਜੀ ਨੇ ਕੀਤੀ?
ਉ.108:ਗੁਰੂ ਨਾਨਕ ਦੇਵ ਜੀ।
ਪ੍ਰ.109:ਪਹਿਲਾ ਗੁਰਦੁਆਰਾ ਕਦੋਂ ਤੇ ਕਿਥੇ ਅਰੰਭ ਹੋਇਆ?
ਉ.109:ਕਰਤਾਰਪੁਰ, ਸੰਨ 1521 ਵਿਚ।
ਪ੍ਰ.110:ਕਿਸ ਗੁਰੂ ਸਾਹਿਬ ਦੇ ਚਾਚੇ (ਪ੍ਰਿਥੀ ਚੰਦ) ਨੇ ਜਦ ਉਹ ਬੱਚਾ ਸਨ, ਨੂੰ ਮਾਰਣ ਦਾ ਯਤਨ ਕੀਤਾ?
ਉ.110:ਗੁਰੂ ਹਰਗੋਬਿੰਦ ਸਾਹਿਬ ਨੂੰ।
ਪ੍ਰ.111:ਸਵਰਣ ਮੰਦਿਰ ਕਿਸ ਗੁਰੂ ਸਾਹਿਬ ਨੇ ਬਣਵਾਇਆ?
ਉ.111:ਗੁਰੂ ਅਰਜਨ ਦੇਵ ਜੀ।
ਪ੍ਰ.112:ਕਿਹੜੇ ਪੰਜਾਂ ਗੁਰੂਆਂ ਨੇ ਦਿੱਲੀ ਫੇਰਾ ਲਾਇਆ?
ਉ.112:ਗੁਰੂ ਨਾਨਕ ਦੇਵ ਜੀ,ਗੁਰੂ ਹਰਗੋਬਿੰਦ ਜੀ,ਗੁਰੂ ਹਰਕ੍ਰਿਸ਼ਨ ਜੀ,ਗੁਰੂ ਤੇਗ ਬਹਾਦਰ ਜੀ,ਗੁਰੂ ਗੋਬਿੰਦ ਸਿੰਘ ਜੀ।
ਪ੍ਰ.113:ਉਹ ਕਿਹੜੇ ਇੱਕੋ ਗੁਰੂ ਸਾਹਿਬ ਸਨ,ਜਿਹਨਾਂ ਨੇ ਵਿਆਹ ਨਹੀ ਕੀਤਾ ਅਤੇ ਉਹਨਾਂ ਦਾ ਪਰਿਵਾਰ ਨਹੀ ਸੀ?
ਉ.113:ਗੁਰੂ ਹਰਕ੍ਰਿਸ਼ਨ ਜੀ।
ਪ੍ਰ.114:ਕਿਸ ਗੁਰੂ ਦੇ ਪਿਤਾ ਨੇ ਵੀਹ ਰੁਪਏ ਦੇ ਕੇ ਸੱਚਾ ਸੌਦਾ(ਸੱਚਾ ਵਪਾਰ)ਕਰਨ ਲਈ ਭੇਜਿਆ?
ਉ.114:ਗੁਰੂ ਨਾਨਕ ਦੇਵ ਜੀ।
ਪ੍ਰ.115:ਦਸਵੰਧ ਕੀ ਹੈ?
ਉ.115:ਦਾਨ ਵਿੱਚ ਦਿੱਤੇ ਜਾਣ ਵਾਲਾ ਆਮਦਨ ਦਾ ਦਸਵਾਂ ਹਿੱਸਾ।
ਪ੍ਰ.116:ਦਸਵੰਧ ਦੀ ਪ੍ਰਥਾ ਕਿਸ ਗੁਰੂ ਜੀ ਨੇ ਸ਼ੁਰੂ ਕੀਤੀ?
ਉ.116:ਗੁਰੂ ਅਰਜਨ ਦੇਵ ਜੀ।
ਪ੍ਰ.117:ਪੋਥੀ ਸਾਹਿਬ (ਪ੍ਰਥਮ ਗੁਰੂ ਗ੍ਰੰਥ ਸਾਹਿਬ) ਦੀ ਸੰਪੂਰਨਤਾ ਕਿਸ ਗੁਰੂ ਨੇ ਕਦੋਂ ਕੀਤੀ?
ਉ.117:ਗੁਰੂ ਅਰਜਨ ਦੇਵ ਜੀ ਨੇ ਸੰਨ 1604 ਵਿੱਚ।

ਪ੍ਰ.118:ਗੋਇੰਦਵਾਲ ਨਗਰ ਕਿਸ ਗੁਰੂ ਨੇ ਵਸਾਇਆ?
ਉ.118:ਗੁਰੂ ਅਮਰਦਾਸ ਜੀ ਨੇ।
ਪ੍ਰ.119:ਕੁਲ ਮਿਲਾ ਕੇ, ਸਾਰੇ ਗੁਰੂ ਸਾਹਿਬਾਨ ਸੰਸਾਰ ਤੇ ਕਿੰਨੇ ਸਾਲ ਵਿਚਰੇ?
ਉ.119:239 ਸਾਲ।
ਪ੍ਰ.120:ਸਵਰਣ ਮੰਦਿਰ ਕਿਸ ਨਗਰ ਵਿਚ ਹੈ?
ਉ.120:ਅੰਮਿਤਸਰ।
ਪ੍ਰ.121:ਸਵਰਣ ਮੰਦਿਰ ਦਾ ਦੂਜਾ ਨਾਂ ਕੀ ਹੈ?
ਉ.121:ਹਰਿਮੰਦਰ ਸਾਹਿਬ।
ਪ੍ਰ.122:ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਕੀ ਪ੍ਰਗਟ ਕਰਦੇ ਹਨ?
ਉ.122:ਸਭ(ਹਰ ਜਾਤ, ਧਰਮ ਅਤੇ ਨਸਲ)ਵਾਸਤੇ ਇਹ ਸਥਾਨ ਖੁਲਾ ਹੈ।
ਪ੍ਰ.123:ਹਰਿਮੰਦਰ ਸਾਹਿਬ ਦੇ ਸਰਦਲ ਤੇ ਪੁਜਣ ਵਾਲੇ ਦਰਵਾਜ਼ੇ ਤੇ ਮੁਖ ਦੁਆਰ ਵਿਚਕਾਰ ਕਿੰਨੇ ਕਦਮ ਹਨ?
ਉ.123:84 ਕਦਮ।
ਪ੍ਰ.124:ਅੰਮਿਤਸਰ ਵਿਖੇ ਅੰਮ੍ਰਿਤ ਸਰੋਵਰ ਦਾ ਨਿਰਮਾਣ ਕਦੋਂ ਤੇ ਕਿਸ ਗੁਰੂ ਜੀ ਨੇ ਅਰੰਭ ਕੀਤੀ।
ਉ.124:ਸੰਨ 1573 ਵਿਚ,ਗੁਰੂ ਰਾਮਦਾਸ ਜੀ।
ਪ੍ਰ.125:ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਿਸ ਨੇ ਅਰੰਭ ਕੀਤੀ?
ਉ.125:ਗੁਰੂ ਅਰਜਨ ਦੇਵ ਜੀ।
ਪ੍ਰ.126:ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਦੋਂ ਸ਼ੁਰੂ ਹੋਈ?
ਉ.126:ਸੰਨ 1588।
ਪ੍ਰ.127:ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ?
ਉ.127:ਗੁਰੂ ਅਰਜਨ ਦੇਵ ਜੀ ਦੀ ਬੇਨਤੀ ਮੰਨ ਕੇ, ਲਾਹੌਰ ਦੇ ਮੁਸਲਿਮ ਪੀਰ ਮੀਆਂ ਮੀਰ ਨੇ।
ਪ੍ਰ.128:ਕਿਹੜੇ ਸੰਨ ਵਿਚ ਗੁਰੂ ਅਰਜਨ ਸਾਹਿਬ ਜੀ ਨੇ ਪ੍ਰਥਮ ਗੁਰੂ (ਪੋਥੀ)ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕੀਤਾ?
ਉ.128:ਸੰਨ 1604।
ਪ੍ਰ.129:ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ (ਮੁਖ ਗ੍ਰੰਥੀ) ਕੌਣ ਸਨ?
ਉ.129:ਬਾਬਾ ਬੁੱਢਾ ਜੀ ।
ਪ੍ਰ.130:ਬਾਬਾ ਬੁੱਢਾ ਜੀ ਸਵਰਣ ਮੰਦਰ ਦੇ ਮੁਖ ਗ੍ਰੰਥੀ ਕਦ ਬਣੇ?
ਉ.130:ਸੰਨ 1604 ।

ਪ੍ਰ.131:ਦਰਬਾਰ ਸਾਹਿਬ ਨੂੰ ਸਵਰਣ ਮੰਦਰ ਵੀ ਕਿਉਂ ਕਿਹਾ ਜਾਦਾਂ ਹੈ?
ਉ.131:ਕਿਉਂਕਿ ਇਸ ਉਪਰ ਸੋਨੇ ਦੀਆਂ ਪਰਤਾਂ ਹਨ ।
ਪ੍ਰ.132:ਦਰਬਾਰ ਸਾਹਿਬ ਨੂੰ ਸਵਰਣ ਮੰਦਰ ਦਾ ਨਾਂ ਕਦ ਮਿਲਿਆ?
ਉ.132:ਸੰਨ 1803
ਪ੍ਰ.133:ਸਵਰਣ ਮੰਦਰ ਨੂੰ ਸੋਨੇ ਨਾਲ ਕਿਸਨੇ ਢਕਵਾਇਆ?
ਉ.133:ਮਹਾਰਾਜਾ ਰਣਜੀਤ ਸਿੰਘ ਜੀ ਨੇ ।
ਪ੍ਰ.134:ਸਵਰਣ ਮੰਦਰ ਤੇ ਕਿੰਨੀ ਵਾਰ ਹਮਲੇ ਕੀਤੇ ਗਏ?
ਉ.134:ਪੰਜ ਵਾਰੀ ।
ਪ੍ਰ.135:ਕਿਹੜੇ ਕਿਹੜੇ ਸਾਲ ਵਿਚ ਦਰਬਾਰ ਸਾਹਿਬ (ਸਵਰਣ ਮੰਦਰ) ਤੇ ਹਮਲੇ ਕੀਤੇ ਗਏ?
ਉ.135:ਸੰਨ 1740,1757,1762,1764,ਅਤੇ 1984.
ਪ੍ਰ.136:ਕਿਸ ਅਫਗਾਨੀ ਰਾਜੇ ਨੇ ਸਵਰਣ ਮੰਦਰ ਤੇ ਹਮਲੇ ਕੀਤੇ?
ਉ.136: ਅਹਿਮਦ ਸ਼ਾਹ ਅਬਦਾਲੀ ।
ਪ੍ਰ.137:ਅਫਗਾਨੀ ਹਮਲਾਵਰਾਂ ਨੇ ਕਿੰਨੀ ਵਾਰ ਅਤੇ ਕਦ ਸ੍ਰੀ ਦਰਬਾਰ ਸਾਹਿਬ ਨੂੰ ਤਬਾਹ ਕੀਤਾ?
ਉ.137:ਤਿੰਨ ਵਾਰ,1757,1762,ਅਤੇ 1764 ।
ਪ੍ਰ.138:ਮੱਸਾ ਰੰਘੜ ਨੇ ਸਵਰਣ ਮੰਦਰ ਤੇ ਕਦੋ ਕਬਜ਼ਾ ਕੀਤਾ?
ਉ.138:ਸੰਨ 1740
ਪ੍ਰ.139:ਜਦ ਦਰਬਾਰ ਸਾਹਿਬ ਦਾ ਦੂਜੀ ਵਾਰ ਨਿਰਮਾਣ 1764 ਵਿਚ ਹੋਇਆ ਤਾਂ ਨੀਂਹ ਕਿਸ ਨੇ ਰੱਖੀ?
ਉ.139:ਜੱਸਾ ਸਿੰਘ ਅਹਲੂਵਾਲੀਆ ।
ਪ੍ਰ.140:ਸੰਨ 1984 ਵਿਚ ਦਰਬਾਰ ਸਾਹਿਬ ਤੇ ਹਮਲੇ ਦਾ ਹੁਕਮ ਕਿਸ ਨੇ ਦਿੱਤਾ?
ਉ.140:ਇੰਦਰਾ ਗਾਂਧੀ ।
ਪ੍ਰ.141:ਸੰਨ 1984 ਦੇ ਹਮਲੇ ਵਿਚ, ਕੀ ਅਕਾਲ ਤਖ਼ਤ ਨੂੰ ਛੱਡ ਦਿੱਤਾ ਗਿਆ?
ਉ141:ਨਹੀਂ, ਇਸਨੂੰ ਤਬਾਹ ਕਰ ਦਿੱਤਾ ਗਿਆ
ਪ੍ਰ.142: ਸਵਰਣ ਮੰਦਰ ਵਿਰੁਧ ਨੀਲਾ ਤਾਰਾ ਆਪਰੇਸ਼ਨ ਨੇ ਸਿਖਾਂ ਤੇ ਕੀ ਅਸਰ ਕੀਤਾ?
ਉ:142:ਉਹਨਾਂ ਨੂੰ ਮੁੜ ਏਕਤਾ ਵਿੱਚ ਬੰਨ ਦਿਤਾ
ਪ੍ਰ.143: ਇੰਦਰਾ ਗਾਂਧੀ ਨੂੰ ਮੌਤ ਦੇ ਘਾਟ ਉਤਾਰਣ ਬਾਦ ਕੀ ਵਾਪਰਿਆ?
ਉ.143: ਦਿਲੀ, ਕਾਨਪੁਰਤੇ ਹੋਰ ਨਗਰਾਂ ਵਿੱਚ ਸਿਖਾਂ ਵਿਰੁਧ ਦੰਗਿਆ ਵਿੱਚ 15000 ਸਿੱਖ ਮਾਰੇ ਗਏ

ਪ੍ਰ.144: ਇੰਗਲੈਂਡ ਤੋਂ ਡਾਕਟਰ ਜਗਜੀਤ ਸਿੰਘ ਚੌਹਾਨ ਅਤੇ ਅਮਰੀਕਾ ਤੋਂ ਗੰਗਾ ਸਿੰਘ ਢਿਲੋਂ ਨੇ ਕੀ ਕਰਣ ਦੀ ਕਸ਼ਿਸ਼ ਕੀਤੀ?
ਉ.144: ਸਿੱਖ ਇਕ ਵੱਖ ਕੋਮ ਹੈ, ਦ੍ਰਿੜ ਕਰਵਾਣਾ ਚਾਹਿਆ
ਪ੍ਰ.145: ਆਖਰੀ ਵਾਰ ਮਹਾਰਾਜਾ ਰਣਜੀਤ ਸਿੰਘ ਸਵਰਣ ਮੰਦਰ ਕਿਸ ਸਾਲ ਵਿੱਚ ਗਏ?
ਉ.145: ਸੰਨ 1839
ਪ੍ਰ.146: ਗੁਰੂ ਤੇਗ ਬਹਾਦਰ ਸਾਹਿਬ ਨੌਵੇਂ ਗੁਰੂ ਬਣਨ ਉਪ੍ਰੰਤ ਕਿਹੜੇ ਸਾਲ ਸਵਰਣ ਮੰਦਰ ਗਏ, ਪਰ ਪੁਜਾਰੀਆਂ ਨੇ ਅੰਦਰ ਆਣ ਤੋਂ ਵਰਜ ਦਿੱਤਾ?
ਉ.146: ਸੰਨ 1665
ਪ੍ਰ.147: ਇੰਗਲੈਂਡ ਦੀ ਮਹਾਰਾਣੀ ਏਲਿਜ਼ਬਥ (ਦੂਜੀ) ਕਿਹੜੇ ਸਾਲ ਸਵਰਣ ਮੰਦਰ ਗਈ।1984 1994 1997?
ਉ.147: ਅਕਤੂਬਰ, 1997।
ਪ੍ਰ.148: ਉਧਮ ਸਿੰਘ ਨੂੰ ਫਾਂਸੀ ਕਦੋਂ ਦਿੱਤੀ ਗਈ?
ਉ.148: 31 ਜੁਲਾਈ, 1940
ਪ੍ਰ.149: ਉਧਮ ਸਿੰਘ ਨੇ ਮਾਈਕਲ ਓ ਡਾਇਰ ਨੂੰ ਮੌਤ ਦੇ ਘਾਟ ਕਿਉਂ ਉਤਾਰਿਆ?
ਉ.149:ਕਿਉਂਕਿ ਉਹ ਜਲੀਆਂਵਾਲੇ ਬਾਗ ਵਿੱਚ ਹੋਏ ਘੱਲੂਘਾਰੇ ਜਿਸ ਵਿੱਚ ਸੈਂਕੜੇ ਪੁਰਸ਼,ਨਾਰੀਆਂ ਤੇ ਬੱਚੇ ਮਾਰੇ ਗਏ, ਲਈ ਪੂਰੀ ਪਰਕਾਰ ਜ਼ਿੰਮੇਵਾਰ ਸੀ।
ਪ੍ਰ.150:ਸਿੱਖਾਂ ਦੇ ਪੂਜਾ ਕਰਣ ਦੇ ਪਵਿੱਤਰ ਅਸਥਾਨ ਦਾ ਕੀ ਨਾਂ ਹੈ?
ਉ.150:ਗੁਰਦੁਆਰਾ ।
ਪ੍ਰ.151:ਗੁਰਦੁਆਰਾ ਦੋਂ ਸ਼ਬਦਾਂ 'ਗੁਰੂ' ਅਤੇ 'ਦੁਆਰਾ' ਦੇ ਸੁਮੇਲ ਨਾਲ ਬਣਿਆ ਹੈ । ਦੋਹਨਾਂ ਸ਼ਬਦਾਂ ਦਾ ਅਰਥ ਕੀ ਹੈ?
ਉ.151:ਅਕਾਲਪੁਰਖ ਦੇ ਘਰ ਦਾ ਲਾਂਘੇ ਦਾ ਦਰਵਾਜ਼ਾ ।
ਪ੍ਰ.152: ਸਭ ਤੋਂ ਵੱਡਾ ਗੁਰਦੁਆਰਾ ਕਿਸ ਦੇਸ਼ ਵਿੱਚ ਹੈ ?
ਉ.152:ਭਾਰਤ ।
ਪ੍ਰ.153:ਭਾਰਤ ਤੋਂ ਬਾਹਰ ਸਭ ਤੋਂ ਵੱਡਾ ਗੁਰਦੁਆਰਾ ਕਿੱਥੇ ਹੈ?
ਉ.153:ਇੰਗਲੈਂਡ ਵਿਚ ਸੰਨ 1991 ਵਿਚ ਨਿਰਮਾਣਤ ਸੱਤ ਮੰਜ਼ਿਲਾਂ।
ਪ੍ਰ.154:ਅਮਰੀਕਾ ਵਿਚ ਪਹਿਲਾ ਗੁਰਦੁਆਰਾ ਕਦ ਤੇ ਕਿਥੇ ਅਸਥਾਪਨ ਹੋਇਆ?
ਉ.154:1915,ਸਟਾਕਨ, ਕੈਲੀਫੋਰਨੀਆ।
ਪ੍ਰ.155:ਇੰਗਲੈਂਡ ਵਿਚ ਕਿੰਨੇ ਗੁਰਦੁਆਰੇ ਹਨ?
ਉ.155:200 ਤੋਂ ਵਧ।

ਪ੍ਰ.156:ਉਤੱਰ ਵਿਚ ਸਭ ਤੋਂ ਉਚੀ ਕਿਹੜੀ ਜਗ੍ਹਾਂ ਹੈ ਜਿੱਥੇ ਗੁਰੂ ਨਾਨਕ ਸਾਹਿਬ ਜੀ ਗਏ ਸਨ ਤੇ ਉਥੇ ਗੁਰਦੁਆਰਾ ਵੀ ਹੈ?
ਉ.156:ਤਿੱਬਤ।
ਪ੍ਰ.157:ਕੀਨਯਾ ਵਿਚ ਪਹਿਲਾ ਗੁਰਦੁਆਰਾ ਕਦੋਂ ਬਣਾਇਆ ਗਿਆ?
ਉ.157:ਸੰਨ 1892।
ਪ੍ਰ.158:ਕੈਨੇਡਾ ਵਿਚ ਪਹਿਲਾ ਗੁਰਦੁਆਰਾ ਕਦੋਂ ਬਣਾਇਆ ਗਿਆ ਸੀ?
ਉ.158:19 ਜਨਵਰੀ,1908 ਨੂੰ
ਪ੍ਰ.159:"ਤਖ਼ਤ" ਸ਼ਬਦ ਦਾ ਕੀ ਅਰਥ ਹੈ?
ਉ.159: ਸਿੰਘਾਸਨ।
ਪ੍ਰ.160:ਅਕਾਲ ਤਖ਼ਤ ਕੀ ਦਰਸ਼ਾਉਂਦਾ ਹੈ?
ਉ.160:ਗੁਰੂ ਦੀ ਅਧਿਆਤਮਕ ਅਤੇ ਰਾਜਸੀ ਤਾਕਤ।
ਪ੍ਰ.161:ਅਕਾਲ ਤਖ਼ਤ ਦੀ ਹੋਂਦ ਕਿਸ ਕਰ ਕੇ ਹੋਈ?
ਉ.161:ਗੁਰੂ ਹਰਗੋਬਿੰਦ ਸਾਹਿਬ ਨੇ ਇਸਨੂੰ ਸਿੱਖਾਂ ਦੀ ਰਾਜਸੀ ਤਾਕਤ ਦਾ ਪਰਤੀਕ ਦਰਸਾਣ ਲਈ ਬਣਾਇਆ।
ਪ੍ਰ.162:ਪੰਜਾਂ ਤਖ਼ਤਾਂ ਦੇ ਨਾਂ ਦੱਸੋ?
ਉ.162:ਅਕਾਲ ਤਖ਼ਤ,2. ਪਟਨਾ ਸਾਹਿਬ,3. ਕੇਸਗੜ੍ਹ ਸਾਹਿਬ,4. ਸ੍ਰੀ ਹਜ਼ੂਰ ਸਾਹਿਬ,5. ਦਮਦਮਾ ਸਾਹਿਬ।
ਪ੍ਰ.163:ਜਿਸ ਥਾਂ ਤੇ ਅਕਾਲ ਤਖ਼ਤ ਸੁਭਾਇਮਾਨ ਹੈ ਇੱਥੇ ਗੁਰੂ ਹਰਗੋਬਿੰਦ ਸਾਹਿਬ ਅਰੰਭ ਵਿਚ ਕੀ ਕਰਦੇ ਹੁੰਦੇ ਸਨ?
ਉ.163:ਹਰਿਮੰਦਰ ਸਾਹਿਬ ਦੇ ਸਾਹਮਣੇ ਗੁਰੂ ਹਰਗੋਬਿੰਦ ਸਾਹਿਬ ਦੇ ਰਾਜਸੀ ਤਾਕਤ ਦਰਸ਼ਾਉਣ ਦਾ ਇੱਕ ਪਲੈਟਫਾਰਮ ਸੀ।
ਪ੍ਰ.164:ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੀ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ) ਦਾ ਸੰਕਲਨ ਕੀਤਾ ,ਉਥੇ ਕਿਹੜਾ  ਤਖ਼ਤ ਹੈ?
ਉ.164:ਦਮਦਮਾ ਸਾਹਿਬ ਵਿਖੇ,ਹੁਣ ਤਖ਼ਤ ਦਮਦਮਾ ਸਾਹਿਬ ।
ਪ੍ਰ.165:ਤਖ਼ਤ ਕੇਸਗੜ੍ਹ ਕਿੱਥੇ ਹੈ?
ਉ.165:ਅਨੰਦਪੁਰ ਸਾਹਿਬ ।
ਪ੍ਰ.166:ਗੁਰੂ ਗੋਬਿੰਦ ਸਿੰਘ ਜੀ ਨੇ ਦੂਜਾ ਤਖ਼ਤ ਕਿੱਥੇ ਬਣਾਇਆ ?
ਉ.166:ਤਖ਼ਤ ਕੇਸਗੜ੍ਹ ਸਾਹਿਬ,ਖਾਲਸਾ ਦਾ ਜਨਮ ਅਸਥਾਨ।
ਪ੍ਰ.167:ਪੰਜਾਂ ਤਖ਼ਤਾਂ ਦਾ ਸਬੰਧ ਕਿੰਨੇ ਗੁਰੂ ਸਹਿਬਾਨ ਨਾਲ ਹੈ?
ਉ.167:ਦੋ ਗੁਰੂਆਂ ਨਾਲ ।

ਪ੍ਰ.168:ਕਿਸ-ਕਿਸ ਤਖ਼ਤ ਦਾ ਸਬੰਧ ਕਿਸ-ਕਿਸ ਗੁਰੂ ਸਹਿਬਾਨ ਨਾਲ ਹੈ?
ਉ.168: ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਬੰਧ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ।
ਪ੍ਰ.169:ਗੂਰੂ ਅਰਜਨ ਦੇਵ ਜੀ ਨੇ ਜਿੱਥੇ ਬੈਠ ਕੇ ਗੂਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ,ਉਥੇ ਨਿਰਮਾਣ ਕੀਤੇ ਗੁਰਦੁਆਰੇ ਦਾ ਨਾ ਕੀ ਹੈ ?
ਉ.169:ਗੁਰਦੂਆਰਾ ਰਾਮਸਰ ਸਾਹਿਬ,ਅੰਮ੍ਰਿਤਸਰ ।
ਪ੍ਰ.170:ਜਿਥੇ ਗੁਰੂ ਗੋਬਿੰਦ ਸ਼ਿੰਘ ਜੀ ਨੈ 40 ਸਿੰਘਾਂ ਨਾਲ ਮੁਗ਼ਲ ਫੌਜਾਂ ਦਾ ਸਾਮਨਾ ਕੀਤਾ,ਉਥੇ ਨਿਰਮਾਣ ਗੁਰਦੁਆਰੇ ਦਾ ਨਾਂ ਕੀ ਹੈ ?
ਉ.170:ਗੁਰੁਦੁਆਰਾ ਸ੍ਰੀ ਚਮਕੌਰ ਸਾਹਿਬ ।
ਪ੍ਰ.171:ਜਿੱਥੇ ਅੱਜ ਗੁਰੁਦੁਆਰਾ ਲੋਹਗੜ੍ਹ ਸਾਹਿਬ ਹੈ. ਉਥੇ ਕਿਹੜੀ ਵਿਸੇਸ ਘਟਨਾ ਵਾਪਰੀ ਸੀ ?
ਉ.171:ਅਨੰਦਪੁਰ ਸਾਹਿਬ ਛੱਡਣ ਉਪ੍ਰੰਤ ਗੁਰੂ ਗੋਬਿੰਦ ਸ਼ਿੰਘ ਜੀ ਕੁਝ ਦਿਨ ਇੱਥੇ ਰਹੇ ਸਨ ।
ਪ੍ਰ.172:ਕਿਹੜੇ ਗੁਰ ਜੀ ਨੇ ਪਹਿਲਾ ਗੁਰੁਦੁਆਰਾ ਕਦੋਂ ਤੇ ਕਿਥੇ ਬਣਾਇਆ ?
ਉ.172:ਗੁਰੂ ਨਾਨਕ ਦੇਵ ਜੀ ਨੇ ਸੰਨ 1523 ,ਕਰਤਾਰਪੁਰ ਵਿਖੇ ।
ਪ੍ਰ.173:ਸੰਸਾਰ ਵਿੱਚ ਲਗਭਗ ਕਿੰਨੇ ਇਤਿਹਾਸਿਕ ਗੁਰੂਦੁਆਰੇ ਹਨ?
ਉ.173:158
ਪ੍ਰ.174:ਹਰਿਮੰਦਰ ਸਾਹਿਬ, ਪਟਨਾ ਸਾਹਿਬ ਕਿਸਨੇ ਬਣਾਇਆ ?
ਉ.174:ਮਹਾਰਾਜਾ ਰਣਜੀਤ ਸਿੰਘ ।
ਪ੍ਰ.175:ਤਖ਼ਤ ਹਜ਼ੂਰ ਸਾਹਿਬ ਵਿਖੇ ਕਿਹੜਾ ਵਾਕਿਆ ਹੋਇਆ?
ਉ.175:ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ।
ਪ੍ਰ.176:ਹਜ਼ੂਰ ਸਾਹਿਬ ਨਿਰਮਾਣ ਕਿਸ ਨੇ ਕੀਤਾ?
ਉ.176:ਮਹਾਰਾਜਾ ਰਣਜੀਤ ਸਿੰਘ ਨੇ ਕੀਤਾ।
ਪ੍ਰ.177: ਸ੍ਰੀ ਹਰਿਮੰਦਰ ਸਾਹਿਬ,ਅੰਮ੍ਰਿਤਸਰ ਵਿਖੇ ਪੁਰੇ ਦਿਨ ਵਿੱਚ ਕਿੰਨੀਆਂ ਚੌਕੀਆਂ ਹੁੰਦੀਆਂ ਹਨ?
ਉ.177: ਨੌ ਚੌਕੀਆਂ ਹੁੰਦੀਆਂ ਹਨ।
ਪ੍ਰ.178: ਅਨੰਦਪੁਰ ਸਾਹਿਬ ਦੇ ਛੇ ਕਿਲ੍ਹਿਆਂ ਦੇ ਨਾਂ ਦਸੋ?
ਉ.178: ਨਿਰਮੋਹਗੜ੍ਹ,ਅਨੰਦਗੜ੍ਹ,ਹੋਲਗੜ੍ਹ,ਲੋਹਗੜ੍ਹ,ਫਤਹਿਗੜ੍ਹ,ਕੇਸਗੜ੍ਹ।
ਪ੍ਰ.179: ਜਿਥੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ,ਕਿਹੜਾ ਗੁਰਦੁਆਰਾ ਹੈ?
ਉ.179: ਗੁਰਦੁਆਰਾ ਡੇਰਾ ਸਾਹਿਬ,ਪਾਕਿਸਾਨ।

ਪ੍ਰ.180:ਮੂਲ ਮੰਤਰ ਕੀ ਹੈ?
ਉ.180:ਗੁਰੂ ਗ੍ਰੰਥ ਸਾਹਿਬ ਦੇ ਅਰੰਭਿਕ ਸ਼ਬਦ (ੴ,ਸਤਿਨਾਮੁ,ਕਰਤਾ ਪੁਰਖੁ,
ਨਿਰਭਉ,ਨਿਰਵੈਰ,ਅਕਾਲ ਮੂਰਤਿ,ਅਜੂਨੀ,ਸੈਭੰ,ਗੁਰਪ੍ਰਸਾਦਿ ।
ਪ੍ਰ.181:'ੴ' ਦਾ ਅਰਥ ਕੀ ਹੈ?
ਉ.181:ਰੱਬ ਕੇਵਲ ਇੱਕ ਹੈ ।
ਪ੍ਰ.182:'ਸਤਿਨਾਮੁ' ਦਾ ਅਰਥ ਕੀ ਹੈ ।
ਉ.182:ਰੱਬ ਦਾ ਨਾਂ ਸੱਚਾ ਹੈ ।
ਪ੍ਰ.183:'ਕਰਤਾ ਪੁਰਖੁ' ਦਾ ਅਰਥ ਕੀ ਹੈ ?
ਉ.183:ਉਹ ਰਚਣਹਾਰ ਹੈ ।
ਪ੍ਰ.184:'ਨਿਰਭਉ' ਦਾ ਅਰਥ ਕੀ ਹੈ ?
ਉ.184:ਰੱਬ ਭੈ ਤੋਂ ਰਹਿਤ ਹੈਂ ।
ਪ੍ਰ.185:'ਨਿਰਵੈਰ' ਦਾ ਅਰਥ ਕੀ ਹੈ ?
ਉ.185:ਰੱਬ ਵੈਰ-ਰਹਿਤ ਹੈਂ ।
ਪ੍ਰ.186:'ਅਕਾਲ ਮੂਰਤਿ' ਦਾ ਅਰਥ ਕੀ ਹੈ ?
ਉ.186:ਰੱਬ ਅਵਿਨਾਸ਼ੀ ਹੈ ।
ਪ੍ਰ.187:'ਅਜੂੰਨੀ ' ਦਾ ਅਰਥ ਕੀ ਹੈ ?
ਉ.187:ਰੱਬ ਜੂਨਾਂ ਤੋਂ ਰਹਿਤ ਹੈ ।
ਪ੍ਰ.188:'ਸੈਭੰ ' ਦਾ ਅਰਥ ਕੀ ਹੈ ?
ਉ.188:ਰੱਬ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ।
ਪ੍ਰ.189:'ਗੁਰਪ੍ਰਸਾਦਿ' ਦਾ ਅਰਥ ਕੀ ਹੈ?
ਉ.189:ਗੁਰੂ ਦੀ ਕ੍ਰਿਪਾ ਨਾਲ ।
ਪ੍ਰ.190:ਗੁਰੂ ਗ੍ਰੰ ਥ ਸਾਹਿਬ ਵਿੱਚ ਕਿੰਨੇ ਅੰਗ ਹਨ ?
ਉ.190:1430 ਅੰਗ।
ਪ੍ਰ.191:"ਸਭ ਸਿੱਖਨ ਕੋ ਹੁਕਮਿ ਹੈ ਗੁਰੂ ਮਾਨਿਓ ਗ੍ਰੰਥ" ਦਾ ਕੀ ਅਰਥ ਹੈ ?
ਉ.191:ਸਾਰੇ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਣ।
ਪ੍ਰ.192:ਨਿਤਨੇਮ ਦੀਆਂ ਪੰਜ ਬਾਣੀਆਂ ਦੇ ਨਾਂ ਦੱਸੋ ?
ਉ.192:ਜਪੁ ਜੀ ਸਾਹਿਬ, ਜਾਪ ਸਾਹਿਬ, ਸਵੱਯੇ, ਰਹਰਾਸਿ, ਸੋਹਿਲਾ।
ਪ੍ਰ.193:ਗੁਰੂ ਗ੍ਰੰਥ ਸਾਹਿਬ ਵਿੱਚ ਮੂਲ ਮੰਤਰ ਕਿੰਨੀ ਵਾਰੀ ਆਉਂਦਾ ਹੈ ?
ਉ.193:33 ਵਾਰ।

ਪ੍ਰ.194:ਕਰਤਾਰਪੁਰ ਵਾਲੀ ਬੀੜ ਕੀ ਹੈ ?
ਉ.194:ਗੁਰੂ ਅਰਜਨ ਸਾਹਿਬ ਜੀ ਦੁਆਰਾ ਸੰਨ 1604 ਵਿੱਚ ਸੰਕਲਿਤ ਪਹਿਲਾ ਗ੍ਰੰਥ (ਪੋਥੀ) ਸਾਹਿਬ।
ਪ੍ਰ.195:ਜਦੋ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ (ਪੋਥੀ) ਸਾਹਿਬ ਦਾ ਸੰਕਲਨ ਕੀਤਾ, ਤਾਂ ਪਹਿਲਾ ਲਿਖਾਰੀ ਕੌਣ ਸੀ ?
ਉ.195:ਭਾਈ ਗੁਰਦਾਸ ਜੀ।
ਪ੍ਰ.196:ਸੰਨ 1604 ਵਿੱਚ ਜਦੋ ਗੁਰੂ ਅਰਜਨ ਸਾਹਿਬ ਜੀ ਨੇ ਕਰਤਾਰਪੁਰ ਵਾਲੀ ਬੀੜ ਪੂਰੀ ਕਰ ਲਈ ਤਾਂ ਬੀੜ ਨੂੰ ਕਿੱਥੇ ਸਥਾਪਨ ਕੀਤਾ ?
ਉ.196:ਹਰਿਮੰਦਰ ਸਾਹਿਬ ਵਿੱਚ।
ਪ੍ਰ.197:ਦਮਦਮੀ ਬੀੜ ਕੀ ਹੈ ?
ਉ.197:ਵਰਤਮਾਨ ਗੁਰੂ ਗ੍ਰੰਥ ਸਾਹਿਬ ਜੋ ਸਭ ਗੁਰਦੁਆਰਿਆਂ ਵਿੱਚ ਸੋਭਮਾਨ ਹਨ।ਇਹ ਪੂਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਹਨਾਂ ਦੀ ਸਿਮਰਤੀ ਵਿੱਚੋਂ ਲਿਖਾਈ ਗਈ ਸੀ।
ਪ੍ਰ.198:ਇਸ ਨੂੰ ਦਮਦਮੀ ਬੀੜ ਕਿਉਂ ਕਹਿੰਦੇ ਹਨ?
ਉ.198:ਗੁਰੂ ਗੋਬਿੰਦ ਸਿੰਘ ਜੀ ਨੇ ਇਹ ਦਮਦਮਾ ਸਾਹਿਬ ਵਿਖੇ ਲਿਖਵਾਈ ਸੀ।
ਪ੍ਰ.199:ਦਮਦਮੀ ਬੀੜ ਕਿਸ ਨੇ ਲਿਖੀ?
ਉ.199:ਭਾਈ ਮਨੀ ਸਿੰਘ।
ਪ੍ਰ.200:ਕਰਤਾਰਪੁਰ ਬੀੜ ਅਤੇ ਦਮਦਮੀ ਬੀੜ ਵਿਚ ਕੀ ਅੰਤਰ ਹੈ?
ਉ.200:ਦਮਦਮੀ ਬੀੜ ਦੇ ਵਿਚ ਪਹਿਲੀ ਕਰਤਾਰ ਪੁਰ ਵਾਲੀ ਬੀੜ ਅਤੇ ਗੁਰੂ ਤੇਗ ਬਹਾਦਰ ਜੀ ਦੇ ਉਚਾਰੇ 59ਸ਼ਬਦ ਅਤੇ 56ਸਲੋਕ ਵੀ ਸ਼ਾਮਿਲ ਹਨ।
ਪ੍ਰ.201:ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਿਤ ਗੁਰੂ ਗ੍ਰੰਥ ਸਾਹਿਬ ਨੂੰ ਕਰਤਾਰਪੁਰ ਬੀੜ ਕਿਉਂ ਕਹਿੰਦੇ ਹਨ?
ਉ.201:ਇਹ ਇਸ ਵੇਲੇ ਜਲੰਧਰ ਵਿਚ ਕਰਤਾਰਪੁਰ ਵਿਖੇ ਹੈ।
ਪ੍ਰ.202: ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੀ ਬੀੜ ਦਾ ਸੰਕਲਨ ਕਿਉਂ ਕੀਤਾ?
ਉ.202: ਧੀਰਮਲ ਦੇ ਵੰਸ਼ਜਾਂ ਨੇ ਪਹਿਲੀ ਕਰਤਾਰਪੁਰ ਬੀੜ ਨੂੰ ਅੰਮ੍ਰਿਤਸਰ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਜਣ ਤੋਂ ਨਾਂਹ ਕਰ ਦਿੱਤੀ ਸੀ।
ਪ੍ਰ.203: ਪਹਿਲੀ ਦਮਦਮੀ ਬੀੜ ਜੋ ਭਾਈ ਮਨੀ ਸਿੰਘ ਜੀ ਨੇ ਲਿਖੀ ਸੀ,ਨੂੰ ਕੀ ਹੋਇਆ?
ਉ.203: ਇਹ ਸਿੱਖਾਂ ਅਤੇ ਐਹਮਦ ਸ਼ਾਹ ਅਬਦਾਲੀ ਵਿਚ ਹੋਏ ਵਡੇ ਘਲੂਘਾਰੇ ਵਿਚ ਗੁੰਮ ਗਈ ਸੀ।
ਪ੍ਰ.204: ਕਰਤਾਰਪੁਰ ਬੀੜ ਵਿਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਹੈ।
ਉ.204: ਪੰਜ।

ਪ੍ਰ.205: ਦਮਦਮੀ ਬੀੜ ਵਿਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਹੈ?
ਉ.205: ਛੇ।
ਪ੍ਰ.206: ਦਮਦਮੀ ਬੀੜ ਵਿਚ ਕਿਹੜੇ ਛੇ ਗੁਰੂ ਸਾਹਿਬਾਨ ਦੀ ਬਾਣੀ ਹੈ?
ਉ.206: ਪਹਿਲੀਆਂ ਪੰਜ ਪਾਤਸ਼ਾਹੀਆਂ ਅਤੇ ਨੌਵੇਂ ਗੁਰੂ।
ਪ੍ਰ.207: ਗੁਰੂ ਅਰਜਨ ਦੇਵ ਜੀ ਨੇ ਭਾਈ ਬੰਨ੍ਹੋ ਨੂੰ ਕੀ ਕਰਨ ਲਈ ਕਿਹਾ?
ਉ.207: ਉਹਨਾਂ ਨੇ ਉਸਨੂੰ ਗੁਰੂ ਗ੍ਰੰਥ ਸਾਹਿਬ ਉਪਰ ਜਿਲਦ ਚੜ੍ਹਾਣ ਲਈ ਲਾਹੌਰ ਭੇਜਿਆ।
ਪ੍ਰ.208: ਭਾਈ ਬੰਨ੍ਹੋ ਨੇ ਕੀ ਕੀਤਾ?
ਉ.208: ਰਾਹ ਵਿਚ ਉਸਨੇ ਗੁਰੂ ਗ੍ਰੰਥ ਸਾਹਿਬ ਦੀ ਇਕ ਹੋਰ ਪ੍ਰਤੀ ਬਣਾਈ ਅਤੇ ਉਸ ਵਿਚ ਕੁਝ ਹੋਰ ਵਾਧੂ ਬਾਣੀ ਸੰਮਿਲਤ ਕਰ ਦਿੱਤੀ।
ਪ੍ਰ.209:ਬੰਨ੍ਹੋ ਦੀ ਬੀੜ ਕੀ ਹੈ?
ਉ.209:ਕਿਉਂਕਿ ਉਸਨੇ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਹੋਰ ਵਾਧੂ ਬਾਣੀ ਸੰਮਿਲਤ ਕਰ ਦਿੱਤੀ ਸੀ,ਇਸ ਨੂੰ ਬੰਨ੍ਹੋ ਦੀ ਬੀੜ ਕਿਹਾ ਜਾਂਦਾ ਹੈ।
ਪ੍ਰ.210:ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿੰਨੇ ਸ਼ਬਦ ਹਨ?
ਉ.210:5872.
ਪ੍ਰ.211:ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕਿਸ ਸ਼ੈਲੀ ਵਿਚ ਹੈ?
ਉ.211:ਕਾਵਿਯ ਸ਼ੈਲੀ ਵਿਚ।
ਪ੍ਰ.212:ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਕਿੰਨੇ ਸ਼ਬਦ ਹਨ?
ਉ.212:974।
ਪ੍ਰ.213:ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅੰਗਦ ਦੇਵ ਜੀ ਦੇ ਕਿੰਨੇ ਸਲੋਕ ਹਨ?
ਉ.213:62 ਸਲੋਕ।
ਪ੍ਰ.214:ਕਿਸ ਗੁਰੂ ਸਾਹਿਬ ਨੇ ਸਭ ਤੋਂ ਵੱਧ ਅਤੇ ਕਿੰਨੇ ਸ਼ਬਦ ਉਚਾਰੇ ?
ਉ.214:ਗੁਰੂ ਅਰਜਨ ਸਾਹਿਬ ਜੀ, 2218 ਸ਼ਬਦ ।
ਪ੍ਰ.215:ਗੁਰੂ ਰਾਮਦਾਸ ਜੀ ਦੇ ਕਿੰਨੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਹਨ?
ਉ.215:679 ।
ਪ੍ਰ.216:ਕੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਸਲੋਕ ਹੈ।
ਉ.216:ਨਹੀਂ।
ਪ੍ਰ.217:ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਭਗਤਾਂ ਦੀ ਬਾਣੀ ਸ਼ਾਮਲ ਹੈ?
ਉ.217:15 ਭਗਤਾਂ ।

ਪ੍ਰ.218:ਕੀ ਭਾਈ ਮਰਦਾਨਾ (ਗੁਰੂ ਨਾਨਕ ਦੇ ਸੰਗੀ)ਦੀ ਕੋਈ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਹੈ?
ਉ.218:ਜੀ ਨਹੀਂ।
ਪ੍ਰ.219:ਭਗਤ ਧੰਨਾ ਜੀ ਦੇ ਕਿੰਨੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹਨ?
ਉ.219:ਤਿੰਨ ।
ਪ੍ਰ.220:ਭਗਤ ਕਬੀਰ ਜੀ ਦਾ ਜਨਮ ਕਦੋਂ ਹੋਇਆ ਸੀ?
ਉ.220:1398(ਗੁਰੂ ਨਾਨਕ ਸਾਹਿਬ ਜੀ ਤੋਂ 71 ਸਾਲ ਪਹਿਲੇ)।
ਪ੍ਰ.221:ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਦੇ ਕਿੰਨੇ ਸ਼ਬਦ ਸ਼ਾਮਲ ਹਨ?
ਉ.221:541 ।
ਪ੍ਰ.222:ਭਗਤ ਨਾਮਦੇਵ ਜੀ ਦੇ ਕਿੰਨੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਹਨ।ਉਹ ਸੰਸਾਰ ਵਿਚ ਕਿਸ ਕਾਲ ਵਿੱਚ ਵਿਚਰੇ?
ਉ.222:61 ਸ਼ਬਦ।ਸੰਨ 1270 ਤੋਂ ਸੰਨ 1350।
ਪ੍ਰ.223:(ਮੁਸਲਿਮ ਸੂਫੀ ਸੰਤ) ਸ਼ੇਖ਼ ਫਰੀਦ ਜੀ ਦਾ ਜਨਮ ਕਦੋਂ ਹੋਇਆ,ਉਹਨਾਂ ਦੇ ਕਿੰਨੇ ਸ਼ਬਦ ਤੇ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਹਨ?
ਉ.223:ਸੰਨ 1175 ,4 ਸ਼ਬਦ ਅਤੇ 116 ਸ਼ਲੋਕ।
ਪ੍ਰ.224:ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਛਪਾਈ ਕਦੋ ਹੋਈ ਸੀ?
ਉ.224:ਸੰਨ 1864।
ਪ੍ਰ.225:ਦਸਮ ਗ੍ਰੰਥ ਦਾ ਸੰਕਲਨ ਕਿਸ ਨੇ ਕੀਤਾ?
ਉ.225:ਭਾਈ ਮਨੀ ਸਿੰਘ।
ਪ੍ਰ.226:ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਉਲਥਤ ਕਿਹਨਾਂ ਨੇ ਕੀਤਾ?
ਉ.226:ਗੁਰਬਚਨ ਸਿੰਘ, ਡਾਕਟਰ ਗੋਪਾਲ ਸਿੰਘ ਅਤੇ ਹੋਰਾਂ ਨੇ।
ਪ੍ਰ.227:ਜ਼ਫਰਨਾਮਾ ਕੀ ਹੈ?
ਉ.227:ਗੁਰੂ ਗੋਬਿੰਦ ਸਿੰਘ ਜੀ ਵਲੋਂ ਔਰੰਗਜ਼ੇਬ ਨੂੰ ਲਿਖੀ ਜਿਤ ਦੀ ਚਿੱਠੀ।
ਪ੍ਰ.228:ਗੁਰੂ ਨਾਨਕ ਦੇਵ ਜੀ ਨੇ ਕਿਹਾ ,"ਤੇਰਾ,ਤੇਰਾ,ਤੇਰਾ,ਤੇਰਾ",ਇਸ ਤੋਂ ਕੀ ਭਾਵ ਹੈ?
ਉ.228:ਹਰ ਵਸਤੂ ਵਾਹਿਗੁਰੂ ਦੀ ਕ੍ਰਿਪਾ ਹੈ।
ਪ੍ਰ.229:'ਖਾਲਸਾ' ਦਾ ਕੀ ਅਰਥ ਹੈ?
ਉ.229:ਇਸ ਤੋਂ ਭਾਵ ਹੈ 'ਸ਼ੁਧ'।
ਪ੍ਰ.230:ਖਾਲਸਾ ਕਿਸ ਨੇ ਸਾਜਿਆ?
ਉ.230:ਗੁਰੂ ਗੋਬਿੰਦ ਸਿੰਘ ਜੀ ।
ਪ੍ਰ.231:ਕੀ ਬਚਿਆਂ ਨੂੰ ਅਮ੍ਰਿੰਤ ਛਕਨ ਦੀ ਇਜ਼ਾਜ਼ਤ ਹੈ?
ਉ.231:ਹਾਂ ਜੀ ।ਜਦ ਉਹ ਤਿਆਰ ਹੋਣ।

ਪ੍ਰ.232:ਸਿਖ ਗੁਰਦੁਆਰੇ ਜਾ ਕੇ  ਆਪਣੀਆਂ ਜੁਤੀਆਂ ਕਿਉਂ ਉਤਾਰਦੇ ਹਨ?
ਉ.232:ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਜੋਂ।
ਪ੍ਰ.233:ਸਿਖ ਗੁਰਦੁਆਰੇ ਵਿਚ ਆਪਣੇ ਕੇਸ ਢੱਕ ਕੇ ਕਿਉਂ ਰਖਦੇ ਹਨ?
ਉ.233:ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਜੋਂ।
ਪ੍ਰ.234:ਗੁਰੂ ਨਾਨਕ ਦੇਵ ਜੀ ਉਹਨਾਂ ਕਰਨਕਾਂਡਾਂ ਨੂੰ ਜੋ ਧਰਮ ਦੇ ਕੇਵਲ ਬਾਹਰੀ ਰੂਪ ਹੀ ਸਨ ਉਹਨਾਂ ਨੂੰ ਕਿਸ ਤਰਾਂ ਲੈਂਦੇ ਸਨ?
ਉ.234:ਉਹ ਕਰਮਕਾਂਡਾਂ ਦਾ ਵਿਰੋਧ ਕਰਦੇ ਸਨ।
ਪ੍ਰ.235:ਗੁਰੂ ਸਾਹਿਬਾਨ ਨੇ ਸਿਖਾਂ ਨੂੰ ਕਿਹੋ ਜਿਹਾ ਜੀਵਨ ਜੀਣ ਲਈ ਕਿਹਾ?
ਉ.235:ਇਕ ਸਾਧਰਨ ਅਤੇ ਇਮਾਨਦਾਰੀ ਵਾਲਾ ਜੀਵਨ।
ਪ੍ਰ.236:ਸਿਖੀ ਦੇ ਮੂਲ ਸਿਧਾਂਤ ਕੀ ਹਨ?
ਉ.236:ਵਾਹਿਗੁਰੂ ਇਕ ਹੈ ਅਤੇ ਇਸਦਾ ਨਾਮ ਸਤਿ ਹੈ।
ਪ੍ਰ.237:ਤਿੰਨ ਵਸਤੂਆਂ ਦੇ ਨਾਂ ਦਸੋ ਜੋ ਸਿਖੀ ਦੇ ਮੂਲ ਕੇਂਦਰ ਹਨ?
ਉ.237:ਭਾਈਚਾਰਾ, ਸਮਾਜਿਕ ਅਤੇ ਪਰਵਾਰਿਕ ਜੀਵਨ।
ਪ੍ਰ.238:ਪੰਜ ਵਿਕਾਰਾਂ ਦੇ ਨਾਂ ਦਸੋ?
ਉ.238:ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ।
ਪ੍ਰ.239:ਸਿਖਾਂ ਦੇ ਤਿੰਨ ਮੂਲ ਨਿਸ਼ਚੇ ਦਸੋ?
ਉ.239:ਨਾਮ ਜਪੋ, ਕਿਰਤ ਕਰੋ, ਵੰਡ ਛਕੋ।
ਪ੍ਰ.240:ਪੰਜਾਂ ਕਰਾਰਾਂ ਦੇ ਨਾਂ ਦਸੋ?
ਉ.240:ਕੇਸ, ਕੰਘਾ, ਕੜਾ, ਕਛਹਿਰਾ, ਅਤੇ ਕਿਪਾਨ।
ਪ੍ਰ.241:ਕੇਸ ਦਾ ਅਰਥ ਕੀ ਹੈ?
ਉ.241:ਬਿਨਾਂ ਬੇਅਦਬੀ ਕੀਤੇ ਲੰਬੇ ਰੋਮ ਜਿਨ੍ਹਾਂ ਨੂੰ ਸੰਤ ਸੁਭਾਵ ਦਾ ਚਿੰਨ ਮੰਨਿਆ ਜਾਂਦਾ ਹੈ।
ਪ੍ਰ.242:ਕੰਘੇ ਦੀ ਮਹੱਤਤਾ ਕੀ ਹੈ?
ਉ.242:ਸਾਫ ਸੁਥਰੇਪਨ ਦਾ ਪ੍ਰਤੀਕ।
ਪ੍ਰ.243:ਸਿਖਾਂ ਨੂੰ ਕੜਾ ਕਿਉਂ ਪਾਣਾ ਚਾਹੀਦਾ ਹੈ?
ਉ.243:ਕੜਾ ਪਾਉਣਾ ਬੁਰੇ ਕੰਮ ਕਰਣ ਤੋਂ ਵਰਜਦਾ ਹੈ।
ਪ੍ਰ.244:ਕਿਰਪਾਨ ਧਾਰਨ ਕਰਨਾ ਕਿਸ ਗਲ ਦਾ ਚਿੰਨ ਹੈ?
ਉ.244:ਦਲੇਰੀ ਅਤੇ ਆਤਮ ਰਖਿਆ।
ਪ੍ਰ.245:ਕਛਿਹਰਾ ਪਹਿਨਣ ਦਾ ਕੀ ਮਹੱਤਵ ਹੈ?
ਉ.245:ਆਤਮ ਸੰਜਮ ਦੀ ਲੋੜ।

ਪ੍ਰ.246:ਸੇਵਾ ਕੀ ਹੈ?
ਉ.246:ਨਿਸ਼ੁਲਕ ਸਮਾਜ ਸੇਵਾ।
ਪ੍ਰ.247:ਚੜ੍ਹਦੀ ਕਲਾ ਕੀ ਹੈ?
ਉ.247:ਉਚ ਵਿਚਾਰ ਅਤੇ ਸਕਾਰਤਮਕ ਸੋਚ ਵਾਲੀ ਬਿਰਤੀ।
ਪ੍ਰ.248:"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਤੋਂ ਕੀ ਭਾਵ ਹੈ?
ਉ.248:ਖਾਲਸਾ ਅਕਾਲਪੁਰਖ ਦਾ ਹੈ ਅਤੇ ਸਾਰੀ ਜਿਤ ਅਕਾਲ ਪੁਰਖ ਦੀ ਹੈ।
ਪ੍ਰ.249:ਸਤਿ ਸ੍ਰੀ ਅਕਾਲ ਤੋਂ ਕੀ ਭਾਵ ਹੈ?
ਉ.249: ਰਬ ਸਚ ਹੈ ਅਤੇ ਕਾਲ ਰਹਿਤ ਹੈ।
ਪ੍ਰ.250:ਸੰਤ ਸਿਪਾਹੀ ਤੋਂ ਕੀ ਭਾਵ ਹੈ?
ਉ.250:ਇਕ ਸਿਪਾਹੀ ਜੋ ਸੰਤ ਸੁਭਾ ਵਾਲਾ ਹੈ ਯਾ ਪਵਿਤਰ ਯੋਧਾ।
ਪ੍ਰ.251:"ਪੰਥ" ਦਾ ਕੀ ਅਰਥ ਹੈ?
ਉ.251:ਸਿਖ ਸਮਾਜ।
ਪ੍ਰ.252:ਸਰਬਤ ਦੇ ਭਲੇ ਤੋਂ ਕੀ ਭਾਵ ਹੈ?
ਉ.252:ਸਭ ਲਈ ਮਿਹਰ।ਪੂਰੀ ਮਾਨਵਤਾ ਦੀ ਸਫਲਤਾ ਲਈ ਸ਼ੁਭ ਕਾਮਨਾਵਾਂ।
ਪ੍ਰ.253:ਭਾਣਾ ਮੰਨਣ ਤੋਂ ਕੀ ਭਾਵ ਹੈ?
ਉ.253:ਰਬ ਦੀ ਮਰਜ਼ੀ ਨੂੰ ਸਵੀਕਾਰਨਾ।
ਪ੍ਰ.254:ਸਿਖ ਅੰਮ੍ਰਿਤ ਕਿਉਂ ਛਕਦੇ ਹਨ?
ਉ.254:ਖਾਲਸਾ ਪੰਥ ਵਿਚ ਪਰਵੇਸ਼ ਕਰਨ ਲਈ।
ਪ੍ਰ.255:ਅੰਮ੍ਰਿਤ ਕਿਸ ਆਯੂ ਵਿੱਚ ਛੱਕ ਸਕਦੇ ਹਨ ?
ਉ.255:ਕਿਸੇ ਵੀ ਆਯੂ ਵਿੱਚ,ਜਦ ਉਹ ਤਿਆਰ ਹੋਵੇ ।
ਪ੍ਰ.256:ਕੀ ਸਿੱਖ ਰੱਬ ਦੀ ਯਾ ਗੁਰੂਆਂ ਦੀ ਤਸਵੀਰ ਯਾ ਮੂਰਤੀ ਪੂਜਾ ਕਰਦੇ ਹਨ?
ਉ.256:ਨਹੀਂ ।
ਪ੍ਰ.257:ਕੀ ਸਿੱਖ ਕਿਸੇ ਜੀਵਤ ਪੁਰਸ਼ ਜਾ ਇਸਤਰੀ ਨੂੰ ਆਪਣਾ ਗੁਰੂ ਮੰਨਦੇ ਹਨ ?
ਉ.257:ਨਹੀਂ ।
ਪ੍ਰ.258:ਗੁਰੂ ਜੀ ਸਾਨੂੰ ਡਰਣ ਯਾ ਡਰਾਉਣ ਬਾਰੇ ਕੀ ਸਿੱਖਿਆ ਦੇਂਦੇ ਹਨ?
ਉ.258:ਸਿੱਖ ਕਿਸੇ ਨੂੰ ਨਾ ਡਰਾਉਂਦਾ ਹੈ ਤੇ ਨਾ ਹੀ ਕਿਸੇ ਕੋਲੋਂ ਡਰਦਾ ਹੈ।
ਪ੍ਰ.259:ਸਿੱਖ ਧਰਮ ਵਿਚ ਸਭ ਤੋਂ ਉਚਤਮ ਅਧਿਕਾਰ ਕਿਸ ਨੂੰ ਹੈ?
ਉ.259:ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਜੀ ਨੂੰ।
ਪ੍ਰ.260:ਅਖੰਡ ਪਾਠ ਕੀ ਹੈ?
ਉ.260:ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰੰਤਰ ਪਾਠ।

ਪ੍ਰ.261:ਸਹਿਜ ਪਾਠ ਕੀ ਹੈ?
ਉ.261:ਗੁਰੂ ਗ੍ਰੰਥ ਸਾਹਿਬ ਜੀ ਦਾ ਅਣ-ਨਿਰੰਤਰ ਪਾਠ।
ਪ੍ਰ.262:ਸਿਖ ਗੁਰਦੁਆਰੇ ਵਿਚ ਹੇਠਾਂ ਫ਼ਰਸ਼ ਤੇ ਬੈਠ ਕੇ ਕਿਉਂ ਖਾਂਦੇ ਹਨ?
ਉ.262:ਇਹ ਧਨਵਾਨ ਤੇ ਕੰਗਾਲ ਅਤੇ ਊਚ ਤੇ ਨੀਚ ਵਿਚ ਬਰਾਬਰੀ ਦਿਖਾਉਂਦਾ ਹੈ।
ਪ੍ਰ.263:ਜਦੋਂ ਕੋਈ ਸਿਖ ਕਿਸੇ ਕਿਸਮ ਨਾਲ ਸਿਖ ਪੰਥ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਂਦਾ ਹੈ, ਤਾਂ ਉਸ ਨਾਲ ਕੀ ਕੀਤਾ ਜਾਂਦਾ ਹੈ?
ਉ.263:ਉਸਨੂੰ ਅਕਾਲ ਤਖ਼ਤ ਦੁਆਰਾ ਦੰਡਿਤ ਕੀਤਾ ਜਾਂਦਾ ਹੈ.
ਪ੍ਰ.264:ਸਿਖ ਮੁਕਤੀ ਕਿਸ ਪਰਕਾਰ ਪ੍ਰਾਪਤ ਕਰ ਸਕਦੇ ਹਨ?
ਉ.264:ਇਕ ਦਿਆਨਤਦਾਰ ਕਮਾਈ ਕਰਨ ਵਾਲਾ ਅਤੇ ਸਧਾਰਨ ਜੀਵਨ ਬਤੀਤ ਕਰਨ ਨਾਲ ਕੋਈ ਵੀ ਮੁਕਤੀ ਪ੍ਰਾਪਤ ਕਰ ਸਕਦਾ ਹੈ।
ਪ੍ਰ.265:ਸਿਖ ਧਰਮ ਅਨੁਸਾਰ ਕੀ ਸਿਖ ਨੂੰ ਵਰਤ ਰਖਣਾ ਚਾਹੀਦਾ ਹੈ?
ਉ.265:ਨਹੀਂ।ਸਰੀਰ ਦੀ ਪਾਲ-ਪੋਸ ਲਈ ਪੋਸ਼ਟਿਕ ਖੁਰਾਕ ਜ਼ਰੂਰ ਖਾਣੀ ਚਾਹੀਦੀ ਹੈ।
ਪ੍ਰ.266:ਕੀ ਸਿਹਤ ਦੇ ਕਾਰਨਾਂ ਕਰਕੇ ਸਿਖਾਂ ਨੂੰ ਵਰਤ ਰਖਣ ਕੀ ਇਜ਼ਾਜ਼ਤ ਹੈ?
ਉ.266:ਹਾਂ।
ਪ੍ਰ.267:ਕੀ ਸਿਖਾਂ ਨੂੰ ਧੂਮ੍ਰਪਾਨ ਦੀ ਇਜ਼ਾਜ਼ਤ ਹੈ?
ਉ.267:ਨਹੀਂ।
ਪ੍ਰ.268:ਕੀ ਸਿੱਖਾਂ ਨੂੰ ਮਦਿਰਾਪਾਨ ਦੀ ਇਜ਼ਾਜ਼ਾਤ ਹੈ।
ਉ.268:ਨਹੀਂ।
ਪ੍ਰ.269:"ਸਿੱਖ" ਸ਼ਬਦ ਦਾ ਕੀ ਅਰਥ ਹੈ।
ਉ.269:ਇਕ ਸਿਖਿਆਰਥੀ।
ਪ੍ਰ.270:ਪਹਿਲੇ ਪੰਜ ਪਿਆਰਿਆਂ ਦੇ ਨਾਮ ਦਸੋ।
ਉ.270:ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ ,
ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ
ਪ੍ਰ.271:"ਸਿੰਘ" ਦਾ ਅਰਥ ਕੀ ਹੈ।
ਉ.271:ਸ਼ੇਰ
ਪ੍ਰ.272:"ਕੌਰ" ਦਾ ਅਰਥ ਕੀ ਹੈ।
ਉ.272:ਸ਼ਹਿਜਾਦੀ
ਪ੍ਰ.273:ਸਿੱਖ ਧਵੱਜ ਨੂੰ ਕੀ ਕਹਿੰਦੇ ਹੈ ।
ਉ.273:ਨਿਸ਼ਾਨ ਸਾਹਿਬ। ਇਕ ਸੰਤਰੇ ਰੰਗਾ ਝੰਡਾ ਜੋ ਗੁਰਦੁਆਰੇ ਦੇ ਬਾਹਰ ਯਾ ਇਮਾਰਤ ਉੱਤੇ ਲਹਿਰਾਂਦਾ ਹੈ।

ਪ੍ਰ.274:ਗੁਰਮੁਖੀ ਦਾ ਅਰਥ ਕੀ ਹੈ।
ਉ.274:ਗੂਰੁ ਦੇ ਮੁੱਖ ਵਿਚੋਂ ਨਿਕਲੀ।
ਪ੍ਰ.275:ਸਿੱਖਾਂ ਨੂੰ ਸਿੰਘ ਤੇ ਕੌਰ ਦਾ ਨਾਂ ਕਿਸ ਨੇ ਦਿੱਤਾ।
ਉ.275:ਗੂਰੁ ਗੋਬਿੰਦ ਸਿੰਘ ਜੀ
ਪ੍ਰ.276:ਸੰਨ 1699 ਵਿਚ ਅੰਮ੍ਰਿਤ ਵਿਚ ਪਤਾਸੇ ਕਿਸ ਨੇ ਪਾਏ।
ਉ.276:ਮਾਤਾ ਸਾਹਿਬ ਕੌਰ।
ਪ੍ਰ.277:ਸਿਖ ਸ਼ਬਦ ਸਭ ਤੋਂ ਪਹਿਲੇ ਕਿਸ ਨੇ ਵਰਤਿਆ?
ਉ.277:ਗੁਰੂ ਨਾਨਕ ਦੇਵ ਜੀ ਦੇ ਸਰਧਾਲੂਆਂ ਨੂੰ ਸ਼ਿਸ਼ ਕਰਕੇ ਜਾਣਿਆ ਜਾਂਦਾ ਸੀ ਜਿਸ ਦਾ ਅਰਥ ਚੇਲਾ ਹੁੰਦਾ ਹੈ ਅਤੇ ਇਸ ਕਰਕੇ ਉਹ ਸਿੱਖ ਸੱਦੇ ਜਾਣ ਲਗੇ।
ਪ੍ਰ.278:ਗੂਰੁ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਤੌਂ ਬਾਦ ਪੰਥ ਦੀ ਅਗਵਾਈ ਕਿਸ ਨੇ ਕੀਤੀ।
ਉ.278:ਮਾਤਾ ਸੁੰਦਰੀ।
ਪ੍ਰ.279:ਖਾਲਸਾ ਪੰਥ ਦੀ ਸਿਰਜਨਾ ਕਦੋਂ ਹੋਈ।
ਉ.279:ਅਪਰੈਲ,ਸੰਨ 1699 ਵਿੱਚ।
ਪ੍ਰ.280:ਸਿੱਖ ਕਿਸ ਵਿਰੁੱਧ ਲੜਦੇ ਰਹੇ ਹਨ ਅਤੇ ਕਿਸ ਦੀ ਰਖਿਆ ਕਰਦੇ ਰਹੇ ਹਨ?
ਉ.280:ਸਿੱਖ ਮੁੱਢ ਤੋਂ ਅਤਿਆਚਾਰ ਵਿਰੁੱਧ ਲੜਦੇ ਰਹੇ ਹਨ ਤੇ ਆਪਣੇ ਤੇ ਦੂਜੇ ਧਰਮਾਂ ਦੀ ਰੱਖਿਆ ਕਰਦੇ ਰਹੇ ਹਨ ।
ਪ੍ਰ.281:ਬਾਬਾ ਬੱਢਾ ਜੀ ਕਦੋ ਸਵਰਗਵਾਸ ਹੋਏ ਸਨ?
ਉ.281:ਸੰਨ1631 ।
ਪ੍ਰ.282:ਬਾਬਾ ਬੁਢਾ ਜੀ ਕਿੰਨੇ ਸਾਲ ਸੰਸਾਰ ਵਿੱਚ ਵਿਚਰੇ ?
ਉ.282:125 ਸਾਲ ।
ਪ੍ਰ.283:ਸੰਨ1675 ਵਿੱਚ ਕਿਹੜੀ ਮਹੱਤਵਪੂਰਨ ਘਟਣਾ ਸਿੱਖ ਇਤਹਾਸ ਵਿੱਚ ਘਟੀ?
ਉ.283:ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ।
ਪ੍ਰ.284:ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਸਿੱਖ ਇਤਿਹਾਸ ਨੂੰ ਨਵਾਂ ਮੋੜ ਦੇਣ ਵਾਲਾ ਵਾਕਿਆ ਕਿਉਂ ਸੀ ?
ਉ.284:ਕਿਉਂਕਿ ਗੁਰੂ ਅਰਜਨ ਸਾਹਿਬ ਜੀ ਨੇ ਆਤੰਕ ਅਤੇ ਤਸੀਹੇ ਦਾ ਸਾਮਨਾ ਕੀਤਾ।
ਪ੍ਰ.285:ਸਿੱਖ ਇਤਿਹਾਸ ਵਿਚ ਭਾਈ ਕਨ੍ਹਈਆ ਜੀ ਕਿਸ ਲਈ ਪ੍ਰਸਿੱਧ ਹਨ ?
ਉ.285:ਗੁਰੂ ਗੋਬਿੰਦ ਸਿੰਘ ਜੀ ਦੀ ਮੁਗਲਾਂ ਨਾਲ ਜੰਗ ਵਿੱਚ ਭਾਈ ਕਨ੍ਹਈਆ ਜੀ ਸਿੱਖਾਂ ਅਤੇ ਦੁਸ਼ਮਣਾਂ ਦੋਹਾਂ ਨੂੰ ਜਲ ਛਕਾਂਦੇ ਰਹੇ ।
ਪ੍ਰ.286:ਭਾਈ ਕਨ੍ਹਈਆ ਜੀ ਵੈਰੀਆਂ ਨੂੰ ਜਲ ਕਿਉਂ ਛਕਾ ਰਹੇ ਸਨ ?
ਉ.286:ਉਹਨਾਂ ਨੂੰ ਸਿੱਖਾਂ ਅਤੇ ਵੈਰੀਆਂ ਵਿੱਚ ਗੁਰੂ ਸਾਹਿਬ ਵਿਖ ਰਹੇ ਸਨ ।

ਪ੍ਰ.287:ਕਿਸ ਸਿੱਖ ਦੇ ਕੰਮ ਦੀ ਤੁਲਨਾ ਆਧੁਨਿਕ ਰੇਡ ਕਰਾਸ ਸੋਸਾਇਟੀ ਨਾਲ ਕੀਤੀ ਜਾਂਦੀ ਹੈ?
ਉ.287:ਭਾਈ ਕਨ੍ਹਈਆ ਜੀ ਦੇ ਕੰਮ ਦੀ ।
ਪ੍ਰ.288:ਜ਼ਫ਼ਰਨਾਮਾ ਕਿਸ ਨੇ ਲਿਖਿਆ ?
ਉ.288:ਗੁਰੂ ਗੋਬਿੰਦ ਸਿੰਘ ਜੀ ਨੇ ।
ਪ੍ਰ.289:ਮੱਖਣ ਸ਼ਾਹ ਨੇ ਕੀ ਕੀਤਾ ?
ਉ.289:ਉਹਨਾਂ ਨੇ ਨੌਵੇਂ ਗੁਰੂ,ਗੁਰੂ ਤੇਗ ਬਹਾਦਰ ਜੀ ਨੂੰ ਲਭਿਆ ।
ਪ੍ਰ.290:ਗੁਰੂ ਗੋਬਿੰਦ ਸਿੰਘ ਉਪ੍ਰੰਤ,ਅੰਮ੍ਰਿਤਸਰ ਵਿਚ ਗੁਰਦੁਆਰਿਆਂ ਦਾ ਪ੍ਰਬੰਧ ਮਾਤਾ ਸੁੰਦਰੀ ਜੀ ਨੇ ਕਿਸਨੂੰ ਸੌਂਪਿਆ ?
ਉ.290:ਭਾਈ ਮਨੀ ਸਿੰਘ ।
ਪ੍ਰ.291:ਗੁਰੂ ਨਾਨਕ ਸਾਹਿਬ ਦੇ ਇਲਾਵਾ ,ਪੰਥ ਦੀ ਸਭ ਤੋਂ ਵਧ ਅਗਵਾਈ ਕਿਸ ਨੇ ਕੀਤੀ?
ਉ.291:ਮਾਤਾ ਸੁੰਦਰੀ ਜੀ।
ਪ੍ਰ.292:ਭਾਈ ਬਿਧੀ ਚੰਦ ਕਿਸ ਘਟਨਾ ਕਾਰਣ ਪ੍ਰਸਿੱਧ ਹਨ?
ਉ.292:ਉਹ ਗੁਰੂ ਹਰਗੋਬਿੰਦ ਸਾਹਿਬ ਲਈ ਮੁਗਲਾਂ ਕੋਲੋਂ ਘੋੜੇ ਵਾਪਸ ਲੈ ਕੇ ਆਏ ਸਨ।
ਪ੍ਰ.293:ਪਹਿਲਾ ਸਿੱਖ ਜੰਗਜੂ ਕੌਣ ਸੀ?
ਉ.293:ਗੁਰੂ ਹਰਗੋਬਿੰਦ ਸਾਹਿਬ ਜੀ ।
ਪ੍ਰ.294:ਭਾਈ ਬਚਿਤਰ ਸਿੰਘ ਕਿਸ ਘਟਨਾ ਕਾਰਣ ਪ੍ਰਸਿੱਧ ਹਨ?
ਉ.294:ਉਹ ਗੁਰੂ ਗੋਬਿੰਦ ਸਿੰਘ ਦੇ ਸਮੇਂ ਇੱਕ ਮਦਮਸਤ ਹਾਥੀ ਨਾਲ ਲੜੇ।
ਪ੍ਰ.295:ਭਾਈ ਮਨੀ ਸਿੰਘ ਦੇ ਪਰਿਵਾਰ ਦੇ ਕਿੰਨੇ ਮੈਬਰਾਂ ਨੇ ਸ਼ਹੀਦੀ ਪ੍ਰਾਪਤ ਕੀਤੀ?
ਉ.295:11 ਭਰਾ ਅਤੇ 10 ਪੁੱਤਰਾਂ ਨੇ ।
ਪ੍ਰ.296:ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਸਿੱਖ ਨੂੰ ਅਤਿਆਚਾਰ ਕਰਨ ਵਾਲਿਆਂ ਨੂੰ ਦੰਡਿਤ ਕਰਣ ਦਾ ਅਧਿਕਾਰ ਦਿੱਤਾ ?
ਉ.296:ਬਾਬਾ ਬੰਦਾ ਸਿੰਘ ਬਹਾਦਰ ।
ਪ੍ਰ.297:ਮਹਾਰਾਜਾ ਰਣਜੀਤ ਸਿੰਘ ਕੌਣ ਸਨ?
ਉ.297:ਉਹ ਪੰਜਾਬ ਦੇ ਸ਼ਾਸ਼ਕ ਸਨ ।
ਪ੍ਰ.298:ਅੰਮ੍ਰਿਤਸਰ ਵਿੱਚ ਵਰਤਮਾਨ ਗੁਰੂ-ਕਾ-ਬਜ਼ਾਰ ਮਾਰਕੀਟ ਸਭ ਤੌ ਪਹਿਲਾ ਕਿਸ ਗੁਰੂ ਜੀ ਵੇਲੇ ਸੀ ?
ਉ.298:ਗੁਰੁ ਰਾਮਦਾਸ ਜੀ ।
ਪ੍ਰ.299:ਉਤਰੀ ਭਾਰਤ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਾਸ਼ਨ ਕਦੋਂ ਸ਼ੁਰੂ ਹੋਇਆ?
ਉ.299:1709,ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਣ ਤੋਂ ਇਕ ਸਾਲ ਬਾਅਦ ।

ਪ੍ਰ.300:ਪੰਜਾਬ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਾਸ਼ਨ ਸਿਖ ਇਤਿਹਾਸ ਦੀ ਮਹਤਵਪੂਰਣ ਘਟਨਾ ਕਿਉਂ ਸੀ?
ਉ.300:ਪੰਜਾਬ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਾਸ਼ਨ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਰਾਜ ਦਾ ਸਪਨਾ ਸਚ ਹੋਇਆ ਸੀ।
ਪ੍ਰ.301:ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਾਸ਼ਨ ਦਾ ਪੰਜਾਬ ਦੇ ਇਤਿਹਾਸ ਤੇ ਕਿਸ ਤਰਾਂ ਦਾ ਪਰਭਾਵ ਸੀ?
ਉ.301:ਦੂਰਗਾਮੀ ਪਰਭਾਵ ਸੀ।
ਪ੍ਰ.302:ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਾਸ਼ਨ ਕਿੰਨਾ ਲੰਬਾ ਸੀ?
ਉ.302:ਲਗਭਗ 6 ਸਾਲ।
ਪ੍ਰ.303:ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀ ਰਿਆਸਤ ਦੇ ਚਿੰਨ ਵਜੋਂ ਕੀ ਜਾਰੀ ਕੀਤਾ?
ਉ.303:ਆਪਣੇ ਸਿਕੇ।
ਪ੍ਰ.304:ਸਰਹੰਦ ਦੀ ਲੜਾਈ ਵੇਲੇ ਬਾਬਾ ਦੀਪ ਸਿੰਘ ਜੀ ਕਦੋ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ?
ਉ.304:1709 ਵਿਚ।
ਪ੍ਰ.305:ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਾਸ਼ਨ ਦਾ ਅੰਤ ਕਦੋ ਹੋਇਆ ?
ਉ.305:1716 ।
ਪ੍ਰ.306:ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਸ ਤਰ੍ਹਾਂ ਮੌਤ ਦੇ ਘਾਟ ਉਤਾਰਿਆ ਗਿਆ?
ਉ.306:ਉਹਨਾਂ ਦੇ ਟੁਕੜੇ ਟੁਕੜੇ ਕਰਕੇ।
ਪ੍ਰ.307:ਵਡਾ ਘਲੂਘਾਰਾ ਕੀ ਹੈ?
ਉ.307:ਇਹ ਉਹ ਘਟਨਾ ਹੈ ਜਦੋਂ ਅਬਦਾਲੀ ਨੇ 20,000 ਸਿਖ ਪੁਰਸ਼ਾਂ, ਨਾਰੀਆਂ ਅਤੇ ਬਚਿਆਂ ਦਾ ਕਤਲ ਕੀਤਾ।
ਪ੍ਰ.308:ਵਡਾ ਘਲੂਘਾਰਾ ਕਦੋਂ ਵਾਪਰਿਆ?
ਉ.308:5 ਫਰਵਰੀ , 1762 ਨੂੰ।
ਪ੍ਰ.309:ਛੋਟਾ ਘਲੂਘਾਰਾ ਕੀ ਹੈ?
ਉ.309:ਇਹ ਉਹ ਵਾਕਿਆ ਹੈ ਜਿਸ ਵਿਚ ਲਖਪਤ ਰਾਇ ਨੇ 15,000 ਸਿਖਾਂ ਦਾ ਕਤਲ ਕੀਤਾ।
ਪ੍ਰ.310:ਛੋਟਾ ਘਲੂਘਾਰਾ ਕਦੋਂ ਹੋਇਆ?
ਉ.310:ਸੰਨ 1746।
ਪ੍ਰ.311:ਹਰੀ ਸਿੰਘ ਨਲੂਆ ਕੌਣ ਸਨ?
ਉ.311:ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਜਰਨੈਲਾਂ ਵਿਚੋਂ ਇਕ ਸਨ।

ਪ੍ਰ.312:ਹਰੀ ਸਿੰਘ ਨਲੂਆ ਨੇ ਆਪਣੇ ਜੀਵਨ ਕਾਲ ਵਿਚ ਕਿਸ ਇਲਾਕੇ ਤੇ ਰਾਜ ਕੀਤਾ?
ਉ.312:ਕਸ਼ਮੀਰ ਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਉਤੇ।
ਪ੍ਰ.313:ਹਰੀ ਸਿੰਘ ਨਲੂਆ ਨੇ ਆਪਣੇ ਨਾਂ ਦਾ ਸਿਕਾ ਕਦੋਂ ਜਾਰੀ ਕੀਤਾ?
ਉ.313:ਸੰਨ 1820 ਵਿਚ।
ਪ੍ਰ.314: ਹਰੀ ਸਿੰਘ ਨਲੂਆ ਨੇ ਕਿਹੜਾ ਸਿਕਾ ਜਾਰੀ ਕੀਤਾ?
ਉ.314: ਹਰੀ ਸਿੰਘ ਰੁਪਈਆ।
ਪ੍ਰ.315: ਕਿਸ ਕਾਲ ਵਿਚ ਪਹਿਲੀ ਅੰਗਰੇਜ਼ ਸਿਖ ਜੰਗ ਹੋਈ?
ਉ.315: ਸੰਨ 1845-1846।
ਪ੍ਰ.316: ਕਿਸ ਕਾਲ ਵਿਚ ਦੂਜੀ ਅੰਗਰੇਜ਼ ਸਿਖ ਜੰਗ ਹੋਈ?
ਉ.316: ਸੰਨ 1848-1849।
ਪ੍ਰ.317:ਸਾਕਾ ਪੰਜਾ ਸਾਹਿਬ ਘਟਨਾ ਕਦੋਂ ਘਟੀ?
ਉ.317:ਸੰਨ 1922।
ਪ੍ਰ.318:ਸਾਕਾ ਪੰਜਾ ਸਾਹਿਬ ਕੀ ਹੈ?
ਉ.318:ਸਿੱਖ ਕੈਦੀਆਂ ਨੂੰ ਲਿਜਾ ਰਹੀ ਬਰਤਾਨਵੀ ਰੇਲ ਗੱਡੀ, ਰੇਲ ਪਟੜੀ ਤੇ ਲੇਟੇ ਹੋਏ ਸਿੱਖਾਂ ਉਪਰ ਦੋੜੀ।
ਪ੍ਰ.319:ਰੇਲ ਪਟੜੀ ਸਿੱਖ ਕਿਉਂ ਲੇਟੇ ਸਨ?
ਉ.319:ਉਹ ਚਾਹੁੰਦੇ ਸਨ ਕਿ ਗੱਡੀ ਉਥੇ ਰੁਕੇ।
ਪ੍ਰ.320:ਸਿੱਖ ਉਥੇ ਗੱਡੀ ਕਿਉਂ ਰੋਕਣਾ ਚਾਹੁੰਦੇ ਸਨ?
ਉ.320:ਸਿੱਖ ਗੱਡੀ ਵਿਚਲੇ ਭੁਖੇ ਕੈਦੀਆਂ ਨੂੰ ਲੰਗਰ ਛਕਾਣਾ ਚਾਹੁੰਦੇ ਸਨ।
ਪ੍ਰ.321:ਗੱਡੀ ਤੇ ਸਵਾਰ ਸਿਖ ਕੈਦੀਆਂ ਨੂੰ ਕਿਉਂ ਬਣਾਇਆ ਗਿਆ ਸੀ?
ਉ.321:ਉਹ ਗੁਰਦੁਆਰਾ ਗੁਰੂ ਕਾ ਬਾਗ ਦੇ ਨੇੜੇ ਜੰਗਲਾਂ ਵਿਚੋਂ ਲਕੜੀ ਨਾ ਕਟਣ ਦੇਣ ਦੇ ਕਾਨੂੰਨ ਵਿਰੁਧ ਰੋਸ ਪ੍ਰਗਟ ਕਰ ਰਹੇ ਸਨ।
ਪ੍ਰ.322:ਲਕੜੀ ਕਟਣ ਤੋਂ ਸਿਖਾਂ ਨੂੰ ਸਭ ਤੋਂ ਪਹਿਲੇ ਕਿਸ ਨੇ ਰੋਕਿਆ ਸੀ?
ਉ.322:ਗੁਰਦੁਆਰੇ ਤੇ ਨਿਯੰਤਰਣ ਰਖ ਰਹੇ ਹਿੰਦੂ ਮਹੰਤਾਂ ਨੇ।
ਪ੍ਰ.323:ਸਾਕਾ ਨਨਕਾਣਾ ਸਾਹਿਬ ਕੀ ਹੈ?
ਉ.323:ਗੁਰਦਵਾਰਾ ਨਨਕਾਣਾ ਸਾਹਿਬ ਵਿੱਚ ਮਹੰਤ ਨਰਾਇਣ ਦਾਸ ਨੇ ਸੈਕੜੇਂ ਸਿੱਖਾਂ ਦਾ ਕਤਲ ਕੀਤਾ ।
ਪ੍ਰ.324:ਮਹੰਤ ਕੌਣ ਸਨ?
ਉ.324:1920 ਵਿੱਚ ਪ੍ਰਸਿੱਧ ਗੁਰਦੁਆਰਿਆਂ ਤੇ ਨਿਯਤਰਣ ਰਖਦੇ ਸਨ।

ਪ੍ਰ.325:ਕਾਹਨ ਸਿੰਘ ਨਾਭਾ ਨੇ ਕਦੋਂ ਤੇ ਕਿਸ ਨਾਂ ਨਾਲ ਇੱਕ ਪ੍ਰਭਾਵਸ਼ਾਲੀ ਕਿਤਾਬਚਾ ਪ੍ਰਕਾਸ਼ਿਤ ਕੀਤਾ?

ਉ.325:ਸੰਨ 1898 ਵਿੱਚ,'ਹਮ ਹਿੰਦੂ ਨਹੀਂ '।

ਪ੍ਰ.326:ਭਾਰਤ ਵਿਚ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਤੇ ਕਿਸ ਕਾਨੂੰਨੀ ਐਕਟ ਤਹਿਤ ਰੋਕ ਕਦੋ ਤੇ ਕਿਸ ਨੇ ਲਾਈ?

ਉ.326:ਸੰਨ 1878 ਵਿਚ, ਅੰਗਰੇਜ਼ਾਂ ਦੁਆਰਾ, ਭਾਰਤੀ ਆਰਮਜ਼ ਐਕਟ ਤਹਿਤ ।

ਪ੍ਰ.327:ਜਲ੍ਹਿਆਂਵਾਲਾ ਬਾਗ ਵਾਕਿਆ ਕੀ ਹੈ?

ਉ.327:13 ਅਪ੍ਰੈਲ,1919 ਨੂੰ ਅੰਮ੍ਰਿਤਸਰ ਵਿੱਚ,ਬਰਤਾਨਵੀ ਫ਼ੌਜਾ ਨੇ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਈਆਂ ।

ਪ੍ਰ.328:ਵਿਸਾਖੀ ਵਾਲੇ ਦਿਨ,ਜਲ੍ਹਿਆਂਵਾਲੇ ਬਾਗ ਕਤਲੇਆਮ ਵਿੱਚ ਕਿੰਨੇ ਲੋਕਾਂ ਦੀ ਜਾਨ ਗਈ?

ਉ.328:ਕਈ ਹਜ਼ਾਰ ਨਿਰਦੋਸ਼ ਸਿੱਖਾਂ ਅਤੇ ਹੋਰਾ ਦੀ।

ਪ੍ਰ.329: ਬਾਬਾ ਸੋਹਣ ਸਿੰਘ ਭਕਨਾ ਕੌਣ ਸਨ?

ਉ.329: ਅਮਰੀਕਾ ਵਿਚ (1870-1968)ਗਦਰ ਪਾਰਟੀ ਦੇ ਮੋਢੀ ਪ੍ਰਧਾਨ ਸਨ।

ਪ੍ਰ.330: ਉੱਤਰੀ ਅਮਰੀਕਾ ਵਿਚ ਗਦਰ ਪਾਰਟੀ ਕਿਉਂ ਸ਼ੁਰੂ ਕੀਤੀ ਗਈ?

ਉ.330: ਅੰਗਰੇਜ਼ਾਂ ਕੋਲੋਂ ਭਾਰਤ ਨੂੰ ਅਜ਼ਾਦ ਕਰਾਣ ਦੀ ਲੜਾਈ ਲਈ।

ਪ੍ਰ.331: ਕਦੋਂ ਤੇ ਕਿਸ ਆਇਰਿਸ਼ ਪੁਰਸ਼ ਨੇ 'ਦੀ ਸਿਖ ਰਿਲੀਜਨ' ਨਾਮਕ ਪੁਸਤਕ ਸਿਖ ਧਾਰਮਿਕ ਪੁਸਤਕ ਦਾ ਉਲਥਾ ਕਰਨ ਲਈ ਪੰਜਾਬ ਦੇ ਜ਼ਿਲਾ ਜੱਜ ਦੀ ਨੋਕਰੀ ਤੋਂ ਅਸਤੀਫਾ ਦਿਤਾ?

ਉ.331:ਮੈਕਸ ਆਰਥਰ ਮੈਕਾਲਫ, ਸੰਨ1909 ਵਿਚ।

ਪ੍ਰ.332:ਕਾਹਨ ਸਿੰਘ ਨਾਭਾ ਨੇ ਸਿਖੀ ਦਾ ਪੰਜਾਬੀ ਮਹਾਨ ਕੋਸ਼ ਕਦੋਂ ਪ੍ਰਕਾਸ਼ਿਤ ਕੀਤਾ?

ਉ.332:ਸੰਨ1931।

ਪ੍ਰ.333:ਪਹਿਲੀ ਸੰਸਾਰ ਜੰਗ ਵਿਚ ਸਿਖ ਕਿਥੇ ਲੜੇ ਸਨ?

ਉ.333:ਯੂਰਪ ਦੇ ਕਈ ਭਾਗਾਂ ਵਿਚ।

ਪ੍ਰ.334:ਅੰਗਰੇਜ਼ਾਂ ਕੋਲੋ ਭਾਰਤ ਨੂੰ ਅਜ਼ਾਦ ਕਰਵਾਣ ਦੀ ਲੜਾਈ ਵਿਚ ਕਿੰਨੇ ਸਿਖਾਂ ਨੇ ਜਾਨਾਂ ਵਾਰੀਆਂ?

ਉ.334:ਸ਼ਹੀਦਾਂ ਦੀ ਪੂਰੀ ਗਿਣਤੀ ਦੇ 80% ਨੇ।

ਪ੍ਰ.335:ਸੰਨ1947 ਵਿਚ, ਸਿਖ ਕਿਨੇ ਪ੍ਰਤੀਸ਼ਤ ਬੇਘਰ ਹੇ ਗਏ ਸਨ?

ਉ.335:50% ਤੋਂ ਜਿਆਦਾ।

ਪ੍ਰ.336:'ਏ ਟਰੇਨ ਟੂ ਪਾਕਿਸਤਾਨ' ਪੁਸਤਕ ਕਿਸ ਨੇ ਲਿਖੀ?

ਉ.336:ਖ਼ੁਸਵੰਤ ਸਿੰਘ।

ਪ੍ਰ.337:ਪੰਜਾਬੀ ਵਿਚ ਪਹਿਲਾ ਨਾਵਲ ਕਦੋ ਪ੍ਰਕਾਸ਼ਿਤ ਹੋਇਆ?
ਉ.337:ਸੰਨ1898।
ਪ੍ਰ.338:ਪੰਜਾਬੀ ਵਿਚ ਪਹਿਲਾ ਨਾਵਲ ਕਿਸ ਨੇ ਲਿਖਿਆ ਅਤੇ ਉਸਦਾ ਨਾ ਕੀ ਸੀ?
ਉ.338:ਭਾਈ ਵੀਰ ਸਿੰਘ, ਸੁੰਦਰੀ।
ਪ੍ਰ.339:ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?
ਉ.339:13 ਨਵੰਬਰ, 1780।
ਪ੍ਰ.340:ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਿੰਨਾ ਚਿਰ ਕਦੋਂ ਤੋਂ ਕਦੋਂ ਤੱਕ ਰਿਹਾ।
ਉ.340:40ਸਾਲ,ਸੰਨ1799 ਤੋਂ 1839 ਤੱਕ।
ਪ੍ਰ.341:ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰ-ਏ-ਪੰਜਾਬ ਵੀ ਕਿਹਾ ਜਾਂਦਾ ਸੀ, ਇਸ ਦਾ ਕੀ ਅਰਥ ਹੈ?
ਉ.341:ਪੰਜਾਬ ਦਾ ਸ਼ੇਰ।
ਪ੍ਰ.342:ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਸੀਮਾਵਾਂ ਕੀ ਸਨ?
ਉ.342:ਬਹੁਤ ਵੱਡਾ ਇਲਾਕਾ ਲਾਹੌਰ ਤੋਂ ਸਿੰਧ ਅਤੇ ਤਿੱਬਤ ਤੋਂ ਅਫਗਾਨਿਸਤਾਨ।
ਪ੍ਰ.343:ਮਹਾਰਾਜਾ ਰਣਜੀਤ ਸਿੰਘ ਜੀ ਵੇਲੇ ਜਾਰੀ ਕੀਤੇ ਸਿਕਿਆਂ ਨੂੰ ਕੀ ਕਹਿੰਦੇ ਸਨ?
ਉ.343:ਨਾਨਕ ਸ਼ਾਹੀ ਰੁਪਈਆ ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ ਗੁਰੂ ਨਾਨਕ ਅਸਲੀ ਬਾਦਸ਼ਾਹ ਹਨ।
ਪ੍ਰ.344:ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਮਹਾਰਾਜਾ ਕਦੋ ਬਣੇ?
ਉ.344:ਸੰਨ 1801
ਪ੍ਰ.345:ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਜੀ ਦਾ ਨਾਂ ਕੀ ਸੀ ?
ਉ.345:ਭਾਈ ਚਤਰ ਸਿੰਘ ।
ਪ੍ਰ.346:ਮਹਾਰਾਜਾ ਰਣਜੀਤ ਸਿੰਘ ਦੇ ਮਾਤਾ ਪਿਤਾ ਦਾ ਨਾਂ ਕੀ ਸੀ ?
ਉ.346:ਮਹਾਂ ਸਿੰਘ ਅਤੇ ਰਾਜ ਕੌਰ ।
ਪ੍ਰ.347:ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਸਪੁਤਰ ਦਾ ਨਾਂ ਕੀ ਸੀ?
ਉ.347:ਖੜਕ ਸਿੰਘ ।
ਪ੍ਰ.348:ਮਹਾਰਾਜਾ ਰਣਜੀਤ ਸਿੰਘ ਦਾ ਚਲਾਣਾ ਕਿਸ ਤਰ੍ਹਾਂ ਹੋਇਆ?
ਉ.348:ਸਿਹਤ ਮਾੜੀ ਹੋਣ ਕਾਰਣ ।
ਪ੍ਰ.349:ਮਹਾਰਾਜਾ ਰਣਜੀਤ ਸਿੰਘ ਦੀ ਮੌਤ ਬਾਦ ਕਿਸਨੂੰ ਪੰਜਾਬ ਦਾ ਮਹਾਰਾਜਾ ਘੋਸ਼ਿਤ ਕੀਤਾ ਗਿਆ?
ਉ.349:ਉਹਨਾਂ ਦੇ ਸਪੁਤਰ ਖੜਕ ਸਿੰਘ ਨੂੰ।

ਪ੍ਰ.350:ਮੌਤ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰਾਂ ਨਾਲ ਕੀ ਵਾਪਰਿਆ?
ਉ.350:ਪੰਜ ਸਾਲ ਦੇ ਦਲੀਪ ਸਿੰਘ ਨੂੰ ਛੱਡ ਕੇ ਸਾਰੇ ਪੁਤਰ ਇੱਕ ਇੱਕ ਕਰਕੇ ਮਾਰ ਦਿੱਤੇ ਗਏ।
ਪ੍ਰ.351:ਅੰਤ ਵਿੱਚ ਪੰਕਾਬ ਦਾ ਮਹਾਰਾਜਾ ਕੌਣ ਬਣਿਆ?
ਉ.351:ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਸਪੁੱਤਰ ਦਲੀਪ ਸਿੰਘ ।
ਪ੍ਰ.352:ਦਲੀਪ ਸਿੰਘ ਦੀ ਮਾਂ ਦਾ ਨਾਂ ਦੱਸੋ।
ਉ.352:ਰਾਣੀ ਜਿੰਦ ਕੌਰ ।
ਪ੍ਰ.353:ਦਲੀਪ ਸਿੰਘ ਨਾਲ ਕੀ ਵਾਪਰਿਆ?
ਉ.353:ਪਹਿਲੇ ਉਹਨਾਂ ਨੂੰ ਸਰ ਜਾਨ ਲੋਗਿਨ ਦੀ ਹਿਰਾਸਤ ਵਿੱਚ ਰੱਖਿਆ ਗਿਆ ਅਤੇ ਫਿਰ ਸੰਨ 1854 ਵਿੱਚ ਇੰਗਲੈਂਡ ਭੇਜ ਦਿੱਤਾ ਗਿਆ ।
ਪ੍ਰ.354:ਰਾਣੀ ਜਿੰਦ ਕੌਰ ਨੇ ਕੀ ਕਰਣ ਦੀ ਕੋਸ਼ਿਸ਼ ਕੀਤੀ?
ਉ.354:ਉਸਨੇ ਅੰਗਰੇਜ਼ਾਂ ਦੀ ਪੰਜਾਬ ਉਤੇ ਕਬਜ਼ੇ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ।
ਪ੍ਰ.355:ਸੰਨ 1854 ਵਿੱਚ ਦਲੀਪ ਸਿੰਘ ਨੂੰ ਕਿੰਨੀ ਉਮਰ ਵਿੱਚ ਬਰਤਾਨੀਆ ਦੇਸ਼ ਨਿਕਾਲਾ ਦਿੱਤਾ ਗਿਆ ਸੀ?
ਉ.355:15 ਸਾਲ ਦੀ ਉਮਰ ਵਿੱਚ ।
ਪ੍ਰ.356:ਇੰਗਲੈਂਡ ਵਿੱਚ ਦਲੀਪ ਸਿੰਘ ਨਾਲ ਕੀ ਵਾਪਰਿਆ?
ਉ.356:ਉਸਨੇ ਪਰਵਾਸ ਵਿੱਚ 40 ਬਿਤਾਏ; ਉਸਨੂੰ ਈਸਾਈ ਬਣਾ ਦਿੱਤਾ ਗਿਆ ਅਤੇ ਉਹ ਬੇਇਨਸਾਫੀ ਦਾ ਸ਼ਿਕਾਰ ਬਣ ਗਿਆ ।
ਪ੍ਰ.357:ਕੀ ਦਲੀਪ ਸਿੰਘ ਨੇ ਪੁੰਨਰ ਸਿੱਖ ਬਣਨ ਦੀ ਕੋਸ਼ਿਸ਼ ਕੀਤੀ ?
ਉ.357:ਹਾਂ ।
ਪ੍ਰ.358:ਅੰਤ ਵਿੱਚ ਦਲੀਪ ਸਿੰਘ ਨਾਲ ਕੀ ਵਾਪਰਿਆ?
ਉ.358:ਬੜੇ ਦੁਖਦਾਈ ਹਾਲਤਾਂ ਵਿੱਚ ਉਸਦੀ ਮੌਤ ਹੋ ਗਈ ਅਤੇ ਇੰਗਲੈਂਡ ਵਿੱਚ ਹੀ ਦਫਨਾ ਦਿੱਤਾ ਗਿਆ ।
ਪ੍ਰ.359:ਦਲੀਪ ਸਿੰਘ ਦੀ ਮੌਤ ਕਿੱਥੇ ਹੋਈ?
ਉ.359:ਪੈਰਿਸ ਵਿਚ।
ਪ੍ਰ.360:ਮਹਾਰਾਜਾ ਰਣਜੀਤ ਸਿੰਘ ਨੂੰ ਜ਼ਿਆਦਾ ਕਰਕੇ ਕਿਸਨੇ ਗੁਮਰਾਹ ਕੀਤਾ ਅਤੇ ਸ਼ਾਇਦ ਉਸ ਉਪਰ ਵਿਸ਼ਵਾਸ਼ ਹੀ ਸਿਖ ਰਾਜ ਦੇ ਪਤਨ ਦਾ ਕਾਰਣ ਹੋਇਆ ਹੋਵੇ?
ਉ.360:ਧਿਆਨ ਸਿੰਘ।
ਪ੍ਰ.361:ਮਹਾਰਾਜਾ ਰਣਜੀਤ ਸਿੰਘ ਦੀ ਇਕ ਅੱਖ ਕਿਸ ਕਾਰਣ ਚਲੀ ਗਈ ਸੀ?
ਉ.361:ਚੇਚਕ।

ਪ੍ਰ.362:ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਕਿਹੜੇ ਬਾਹਰਲੇ ਮੁਲਕ ਦੇ ਕੁਝ ਜਰਨੈਲ ਸਨ?

ਉ.362:ਕੁਝ ਫਰਾਂਸੀਸੀ ਜਰਨੈਲ।

ਪ੍ਰ.363: ਮਹਾਰਾਜਾ ਰਣਜੀਤ ਸਿੰਘ ਨੇ ਕਿਸ ਤਰਾਂ ਆਪਨੇ ਰਾਜ ਵਿਚ ਬਰਾਬਰਤਾ ਪਰਗਟ ਕੀਤੀ?

ਉ.363:ਆਪਣੀ ਫ਼ੌਜ ਵਿਚ ਹਿੰਦੂਆਂ, ਸਿਖਾਂ , ਅਤੇ ਮੁਸਲਮਾਨਾਂ ਨੂੰ ਭਰਤੀ ਕਰਕੇ।

ਪ੍ਰ.364:ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਦੇ ਇਲਾਕੇ ਤੇ ਕਦੋਂ ਕਬਜ਼ਾ ਕੀਤਾ?

ਉ.364:ਸੰਨ 1802।

ਪ੍ਰ.365:ਮਹਾਰਾਜਾ ਰਣਜੀਤ ਸਿੰਘ ਦੀ ਬਾਂਹ ਤੇ ਪਹਿਨੇ ਜਾਣ ਵਾਲੇ ਹੀਰੇ ਦਾ ਨਾਂ ਕੀ ਸੀ?

ਉ.365:ਕੋਹਿਨੂਰ ਹੀਰਾ।

ਪ੍ਰ.366:ਕੀ ਮਹਾਰਾਜਾ ਰਣਜੀਤ  ਸਿੰਘ ਕੇਵਲ ਵੱਡਾ ਜੇਤੂ ਹੀ ਸੀ?

ਉ.366:ਨਹੀ,ਬਲਕਿ ਇੱਕ ਯੋਗ ਪ੍ਰਬੰਧਕ ਵੀ ਸੀ ।

ਪ੍ਰ.367:ਮਹਾਰਾਜਾ ਰਣਜੀਤ ਸਿੰਘ ਅਪਨਾ ਸ਼ਾਸ਼ਨ ਕਿਹੋ ਜਿਹਾ ਹੈ,ਵੇਖਣ ਲਈ ਨੇ ਕੀ ਕਰਦੇ ਹੁੰਦੇ ਸਨ?

ਉ.367:ਉਹ ਭੇਸ ਬਦਲ ਕੇ ਲੋਕਾਂ ਵਿੱਚ ਜਾ ਮਿਲਦੇ ਸਨ।

ਪ੍ਰ.368:ਮਹਾਰਾਜਾ ਰਣਜੀਤ ਸਿੰਘ ਦਾ ਸਵਰਗਵਾਸ ਕਦੋਂ ਹੋਇਆ?

ਉ.368:ਜੂਨ 1839 ।

ਪ੍ਰ.369:ਪੰਜਾਬ ਦੀ ਵਸੋਂ ਕਿੰਨੀ ਹੈ?

ਉ.369:ਲਗਭਗ ਦੋ ਕਰੋੜ ਚਾਲੀ ਲੱਖ ।

ਪ੍ਰ.370:ਪੰਜਾਬ ਦਾ ਕੁਲ ਖੇਤਰ ਕਿੰਨਾ ਹੈ?

ਉ.370:50,262 ਵਰਗ ਕਿਲੋਮੀਟਰ ।

ਪ੍ਰ.371:ਪੰਜਾਬ ਦੀ ਰਾਜਧਾਨੀ ਕਿਹੜੀ ਹੈ?

ਉ.371:ਚੰਡੀਗੜ੍ਹ।

ਪ੍ਰ.372:ਪੰਜਾਬ ਦੇ 4 ਵਡੇ ਸ਼ਹਿਰਾਂ ਦੇ ਨਾਂ ਦਸੋ ?

ਉ.372:ਲੁਧਿਆਣਾ,ਅੰਮ੍ਰਿਤਸਰ,ਜਲੰਧਰ,ਪਟਿਆਲਾ।

ਪ੍ਰ.373:ਪੰਜਾਬ ਵਿਚ ਕਿੰਨੇ ਮਹਾਵਿਦਿਆਲੇ ਹਨ?

ਉ.373:ਨੌਂ ।

ਪ੍ਰ.374:ਪੰਜਾਬ ਵਿਚ ਕਿਹੜਾ ਮਹਾਂਵਿਦਿਆਲਿਆ ਖੇਤੀਬਾੜੀ ਵਿੱਚ ਸੰਸਾਰ ਦੇ ਚੋਟੀ ਦੇ ਵਿਸ਼ੇਸ਼ਗਿਆਂ ਵਿੱਚੋਂ ਇੱਕ ਹੈ।

ਉ.374:ਪੰਜਾਬ ਐਗਰੀਕਲਚਰ ਯੂਨੀਵਰਸਿਟੀ ।

ਪ੍ਰ.375:ਪੰਜਾਬ ਦੇ ਪੰਜ ਦਰਿਆਵਾਂ ਦਾ ਨਾਂ ਦਸੋ।
ਉ.375:ਜੇਹਲਮ,ਚਨਾਬ,ਰਾਵੀ,ਸਤਲੁਜ,ਬਿਆਸ।
ਪ੍ਰ.376:ਪੰਜਾਬ ਸ਼ਬਦ ਦਾ ਕੀ ਅਰਥ ਹੈ?
ਉ.376:"ਪੰਜ"ਦਾ ਅਰਥ 5 ਅਤੇ "ਆਬ" ਦਾ ਅਰਥ ਪਾਣੀ ਹੈ ਸੋ ਪੰਜਾਬ ਤੋਂ ਭਾਵ ਪੰਜ ਦਰਿਆਵਾਂ ਦੀ ਧਰਤੀ ਹੈ।
ਪ੍ਰ.377:ਪੰਜਾਬ ਵਿੱਚ ਕਿੰਨੇ ਜਿਲ੍ਹੇ ਹਨ?
ਉ.377:ਵੀਹ ।
ਪ੍ਰ.378:ਪੰਜਾਬ ਵਿੱਚ ਸਭ ਤੋਂ ਵੱਡਾ ਸ਼ਹਿਰ ਕਿਹੜਾ ਹੈ?
ਉ.378:ਲੁਧਿਆਣਾ ।
ਪ੍ਰ.379:ਪੰਜਾਬ ਵਿੱਚ ਸਭ ਤੋਂ ਵੱਡਾ ਉਦਯੋਗ ਕਿਹੜਾ ਹੈ?
ਉ.379:ਖੇਤੀਬਾੜੀ ।
ਪ੍ਰ.380:ਸੰਸਾਰ ਦੀ ਚਾਵਲ ਅਤੇ ਕਣਕ ਦੀ ਕੁਲ ਪੈਦਾਵਾਰ ਦਾ ਕਿੰਨਾ ਹਿੱਸਾ ਪੰਜਾਬ ਵਿੱਚ ਹੁੰਦਾ ਹੈ?
ਉ.380:3 ਪ੍ਰਤੀਸ਼ਤ ।
ਪ੍ਰ.381:ਭਾਰਤ ਅੰਦਰ,ਕਿਸ ਪ੍ਰਦੇਸ਼ ਵਿੱਚ ਗਰੀਬੀ ਸਭ ਤੋਂ ਘਟ ਹੈ?
ਉ.381:ਪੰਜਾਬ (6.16 ਪ੍ਰਤੀਸ਼ਤ )।
ਪ੍ਰ.382:ਭਾਰਤ ਵਿੱਚ, ਸਭ ਤੋਂ ਵਧੀਆ ਲੋੜਾਂ(ਇਨਫਰਾਸਟਰਕਚਰ) ਕਿਸ ਪ੍ਰਦੇਸ਼ ਕੋਲ ਹੋਣਾ ਮੰਨਿਆ ਜਾਂਦਾ ਹੈ?
ਉ.382:ਪੰਜਾਬ ।
ਪ੍ਰ.383:ਸੰਸਾਰ ਦੀ ਸਭ ਤੋਂ ਪਹਿਲੀ ਅਤੇ ਪੁਰਾਣੀ ਮਨੁੱਖਤਾ (ਇੰਦੁਸ ਵੈਲੀ ਮਨੁੱਖਤਾ), ਕਿਸ ਜਗ੍ਹਾਂ ਤੇ ਹੁੰਦੀ ਸੀ ?
ਉ.383:ਪੰਜਾਬ ਵਿੱਚ ।
ਪ੍ਰ.384:ਕੀ ਪੰਜਾਬ ਵਿੱਚ ਸਾਰੇ ਲੋਕ ਸਿੱਖ ਹਨ?
ਉ.384:ਨਹੀਂ ।
ਪ੍ਰ.385:ਪੰਜਾਬ ਵਿੱਚ ਲਗਭਗ ਕਿੰਨੇ ਪ੍ਰਤੀਸ਼ਤ ਲੋਕ ਸਿੱਖ ਧਰਮ ਦੇ ਅਨੁਯਾਈ ਹਨ?
ਉ.385:60 ਪ੍ਰਤੀਸ਼ਤ ।
ਪ੍ਰ.386:ਅੰਮ੍ਰਿਤਸਰ ਸਿੱਖਾਂ ਦੇ ਇਲਾਵਾ ਹੋਰ ਕਿਸ ਧਾਰਮਿਕ ਬਰਾਦਰੀ ਲਈ ਮਹੱਤਤਾ ਦਾ ਸਥਾਨ ਹੈ?
ਉ.386:ਜੈਨ ਧਰਮ ।
ਪ੍ਰ.387:ਅੰਮ੍ਰਿਤਸਰ ਨਗਰ ਨੇ ਆਪਣਾ 400ਵਾਂ ਜਨਮ ਦਿਨ ਕਦੋ ਮਨਾਇਆ?
ਉ.387:ਸੰਨ 1977 ।

ਪ੍ਰ.388:ਅੰਮ੍ਰਿਤਸਰ ਦੇ ਹਵਾਈ ਅੱਡੇ ਦਾ ਨਾਂ ਕੀ ਹੈ?
ਉ.388:ਰਾਜਾ ਸਾਂਸੀ ਅੰਤਰ-ਰਾਸ਼ਟਰੀ ਹਵਾਈ ਅੱਡਾ ।
ਪ੍ਰ.389:ਅੰਮ੍ਰਿਤਸਰ ਜਿਲ੍ਹੇ ਦੀ ਕੁਲ ਵਸੋਂ ਕਿੰਨੀ ਹੈ?
ਉ.389:2,503,165.
ਪ੍ਰ.390:ਅੰਮ੍ਰਿਤਸਰ ਪਹਿਲੇ ਕਿਸਦੇ ਨਾਮ ਨਾਲ ਜਾਣਿਆ ਜਾਂਦਾ ਸੀ ?
ਉ.390:ਚੱਕ ਗੁਰੂ ਕਾ, ਕਹਿ ਕੇ ਜਾਣਿਆ ਜਾਂਦਾ ਸੀ ।
ਪ੍ਰ.391:ਲਾਹੌਰ ਤੋਂ ਅੰਮਿਤ੍ਰਸਰ ਕਿੰਨੀ ਦੂਰ ਹੈ?
ਉ.391:57 ਕਿਲੋਮੀਟਰ ।
ਪ੍ਰ.392:ਭਾਸ਼ਾ ਦੇ ਅਧਾਰ ਤੇ ਪੰਜਾਬ ਤਿੰਨ ਹਿਸਿਆਂ ਵਿੱਚ ਕਦੋ ਵੰਡਿਆ ਗਿਆ ਸੀ?
ਉ.392:1966।
ਪ੍ਰ.393:1978 ਵਿੱਚ ਕਿਹੜਾ ਵਾਕਿਆ ਹੋਇਆ ਜਿਸ ਨੇ ਪੰਜਾਬ ਨੂੰ ਹਮੇਸ਼ਾਂ ਲਈ ਬਦਲ ਦਿਤਾ?
ਉ.393:ਸਿੱਖ ਨਿੰਕਾਰੀ ਝਗੜਾ ਜਿਸ ਵਿੱਚ 13 ਨਿਰਦੋਸ਼ ਸਿੱਖ ਮਾਰੇ ਗਏ।
ਪ੍ਰ.394:ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ,ਸਿੱਖਾਂ ਨੇ ਕਿਸ ਹਦ ਤੱਕ ਉਤਰ-ਪਸ਼ਚਿਮ ਤੱਕ ਰਾਜ ਕੀਤਾ?
ਉ.394:ਅਫਗਾਨਿਸਤਾਨ ਤੱਕ।
ਪ੍ਰ.395:ਪੰਜਾਬ ਵਿੱਚ ਅੰਗਰੇਜ਼ਾਂ ਦਾ ਰਾਜ ਕਿੰਨੀ ਦੇਰ ਸੀ ਅਤੇ ਕਦੋਂ?
ਉ.395:98 ਸਾਲ,1849 ਤੋਂ 1947 ।
ਪ੍ਰ.396:ਪੰਜਾਬ ਦਾ ਬਟਵਾਰਾ ਭਾਰਤ ਤੇ ਪਾਕਿਸਤਾਨ ਵਿੱਚ ਕਦੋਂ ਹੋਇਆ?
ਉ.396:ਸੰਨ 1947 ਵਿੱਚ।
ਪ੍ਰ.397:1947 ਦੇ ਵਿਭਾਜਨ ਤੋਂ ਪਹਿਲੇ ਪੰਜਾਬ ਦੀ ਰਾਜਧਾਨੀ ਕਿੱਥੇ ਸੀ?
ਉ.397:ਲਾਹੌਰ।
ਪ੍ਰ.398:ਪੰਜਾਬ ਦਾ ਰਿਆਸਤੀ ਜਾਨਵਰ ਕਿਹੜਾ ਹੈ?
ਉ.398:ਕਾਲਾ ਹਿਰਨ।
ਪ੍ਰ.399:ਪੰਜਾਬ ਦਾ ਰਿਆਸਤੀ ਦਰਖ਼ਤ ਕਿਹੜਾ ਹੈ?
ਉ.399:ਸ਼ੀਸ਼ਮ (ਸਾਗਵਾਨ)।
ਪ੍ਰ.400:ਪੰਜਾਬ ਕਿੰਨੇ ਤੇ ਕਿਹੜੇ ਕੁਦਰਤੀ ਹਿਸਿਆ ਵਿਚ ਵੰਡਿਆ ਹੋਇਆ ਹੈ?
ਉ.400:ਤਿੰਨ; ਮਾਝਾ, ਦੁਆਬਾ ਤੇ ਮਾਲਵਾ।
ਪ੍ਰ.401:ਮਾਝੇ ਵਿੱਚ ਕਿਹੜੇ ਤਿੰਨ ਜਿਲ੍ਹੇ ਹਨ?
ਉ.401:ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨਤਾਰਨ।

ਪ੍ਰ.402:ਮਾਝਾ ਦਾ ਅਰਥ ਕੀ ਹੈ?
ਉ.402:ਕੇਂਦਰੀ ਅਸਥਾਨ।
ਪ੍ਰ.403:ਦੋਆਬਾ ਦੇ ਖੇਤਰ ਵਿੱਚ ਕਿਹੜੇ ਪੰਜ ਜਿਲ੍ਹੇ ਹਨ?
ਉ.403:ਜਲੰਧਰ, ਨਵਾਂ ਸ਼ਹਿਰ, ਕਪੂਰਥਲਾ, ਹੋਸ਼ਿਆਰਪੁਰ ਅਤੇ ਮੋਹਾਲੀ।
ਪ੍ਰ.404:ਕੀ ਸਤਲੁਜ ਦਰਿਆ ਦੇ ਉਤਰੀ ਭਾਗ ਨੂੰ ਮਾਲਵਾ ਕਹਿੰਦੇ ਹਨ?
ਉ.404:ਨਹੀਂ।
ਪ੍ਰ.405:ਮਾਲਵਾ ਦੇ 12 ਜਿਲਿਆਂ ਦਾ ਨਾਂ ਦਸੋ?
ਉ.405:ਬਠਿੰਡਾ, ਫਰੀਦਕੋਟ, ਫਤਹਿਗੜ੍ਹ ਸਾਹਿਬ, ਫ਼ਿਰੋਜ਼ਪੁਰ, ਲੁਧਿਆਣਾ, ਮਾਨਸਾ, ਮੋਗਾ, ਮੁਕਤਸਰ, ਨਵਾਂ ਸ਼ਹਿਰ, ਪਟਿਆਲਾ, ਰੋਪੜ, ਸੰਗਰੂਰ।
ਪ੍ਰ.406:ਪੰਜਾਬ ਦਾ ਦੁਆਬਾ ਕਿਹੜੇ ਦੋ ਦਰਿਆਵਾਂ ਦੇ ਵਿੱਚ ਦਾ ਖੇਤਰ ਹੈ?
ਉ.406:ਸਤਲੁਜ ਤੇ ਬਿਆਸ।
ਪ੍ਰ.407:ਪੰਜਾਬੀ ਭਾਸ਼ਾ ਨੂੰ ਕਿਹੜੀਆਂ ਭਾਸ਼ਾਵਾਂ ਵਿੱਚ ਗਿਣਿਆ ਜਾਂਦਾ ਹੈ?
ਉ.407:ਭਾਰਤੀ -ਯੂਰਪਿਅਨ।
ਪ੍ਰ.408:ਗੁਰਮੁਖੀ ਲਿਪੀ ਵਿੱਚ ਕਿੰਨੇ ਅੱਖਰ ਹਨ?
ਉ.408: 35 ।
ਪ੍ਰ.409:ਕੀ ਕੇਵਲ ਸਿੱਖ ਹੀ ਪੰਜਾਬੀ ਬੋਲਦੇ ਹਨ?
ਉ.409:ਨਹੀਂ,ਹਿੰਦੂ,ਮੁਸਲਮਾਨ ਵੀ ਪੰਜਾਬੀ ਬੋਲਦੇ ਹਨ।
ਪ੍ਰ.410:ਸਿੱਖਾਂ ਦੀ ਮੁੱਖ ਭਾਸ਼ਾ ਕਿਹੜੀ ਹੈ?
ਉ.410:ਪੰਜਾਬੀ ।
ਪ੍ਰ.411:ਕੈਨੇਡਾ ਵਿੱਚ ਕਿੰਨੇ ਲੋਕ ਪੰਜਾਬੀ ਬੋਲਦੇ ਹਨ?
ਉ.411: 2,50,000।
ਪ੍ਰ.412:ਕੈਨੇਡਾ ਵਿੱਚ ਪੰਜਾਬੀ ਕਿੰਨਵੀ ਸਭ ਤੋਂ ਜਿਆਦਾ ਬੋਲਣ ਵਾਲੀ ਭਾਸ਼ਾ ਹੈ?
ਉ.412:ਛੇਵੀਂ।
ਪ੍ਰ.413:ਖਾਲਸਾ ਕਾਲਜ ਅੰਮ੍ਰਿਤਸਰ ਕਦੋਂ ਸ਼ੁਰੂ ਹੋਇਆ?
ਉ.413: 1893 ।
ਪ੍ਰ.414:ਪੰਜਾਬ ਦੇ ਕੁਝ ਪ੍ਰਸਿਧ ਮਹਾ-ਵਿਦਿਆਲਾ ਦੇ ਨਾਂ ਦਸੋ?
ਉ.414:ਗੁਰੂ ਨਾਨਕ ਦੇਵ ਮਹਾ-ਵਿਦਿਆਲਾ(ਅੰਮ੍ਰਿਤਸਰ),ਪੰਜਾਬ ਐਗਰੀਕਲਚਰ ਮਹਾ-ਵਿਦਿਆਲਾ(ਲੁਧਿਆਣਾ),ਪੰਜਾਬ ਮਹਾ-ਵਿਦਿਆਲਾ(ਚੰਡੀਗੜ੍ਹ),ਪੰਜਾਬੀ ਮਹਾ-ਵਿਦਿਆਲਾ(ਪਟਿਆਲਾ)।
ਪ੍ਰ.415:ਕੈਨੇਡਾ ਵਿੱਚ ਕਿਸ ਸ਼ਹਿਰ ਨੂੰ ਛੋਟਾ ਪੰਜਾਬ ਕਿਹਾ ਜਾਂਦਾ ਹੈ?
ਉ.415:ਸਰੀ।

ਪ੍ਰ.416:ਸਿੱਖ ਖਿਲਾੜੀ ਅਫਰੀਕਾ ਦੇ ਕਿਹੜੇ ਮੁਲਕ ਦੀ ਹਾਕੀ ਟੀਮ ਵਿਚ ਖੇਡੇ ਹਨ?
ਉ.416:ਕੀਨਿਆ।
ਪ੍ਰ.417:ਸਿੱਖ,ਭਾਰਤੀ ਫ਼ੌਜ ਦਾ ਕੀ ਮੰਨੇ ਜਾਂਦੇ ਹਨ?
ਉ.417:ਰੀੜ ਦੀ ਹਡੀ।
ਪ੍ਰ.418:ਬਾਰਸੇਲੋਨਾ ਵਿੱਚ ਭਾਰਤੀ ਹਾਕੀ ਟੀਮ ਦੀ ਕਿਸ ਖਿਡਾਰੀ ਨੇ ਅਗਵਾਈ ਕੀਤੀ?
ਉ.418:ਪਰਗਟ ਸਿੰਘ।
ਪ੍ਰ.419:ਕੈਨੇਡਾ ਨਿਵਾਸੀ ਸਿੱਖ ਜੋ ਕੈਨੇਡਾ ਦੀਆਂ ਕਚਿਹਰੀਆਂ ਵਿੱਚ ਨਿਆਂਧੀਸ਼ ਹੈ?
ਉ.419:ਚੂੜ੍ਹ ਸਿੰਘ।
ਪ੍ਰ.420:ਕੀ ਕੋਈ ਸਿੱਖ ਮਾਊਂਟ ਐਵਰੇਸ਼ਟ ਤੇ ਚੜ੍ਹਿਆ ਹੈ?
ਉ.420:ਹਾਂ। ਕਰਨਲ ਐਚ ਐਸ ਕੋਹਲੀ ।
ਪ੍ਰ.421:ਪਹਿਲਾ ਸਿੱਖ ਉਤਸਵ ਕਿਸ ਗੁਰੂ ਜੀ ਦੇ ਕਾਲ ਵਿੱਚ ਹੋਇਆ?
ਉ.421:ਗੁਰੂ ਅਮਰ ਦਾਸ ਜੀ।
ਪ੍ਰ.422:ਗੁਰੂ ਅਮਰਦਾਸ ਜੀ ਦੇ ਕਾਲ ਵੇਲੇ ਮਨਾਏ ਜਾਣ ਵਾਲੇ ਉਤਸਵਾਂ ਦੇ ਨਾਂ ਦਸੋ?
ਉ.422: ਵਿਸਾਖੀ, ਦਿਵਾਲੀ, ਹੋਲਾ ਮਹੱਲਾ।
ਪ੍ਰ.423:ਸੰਨ 2004 ਵਿੱਚ, ਅੰਮ੍ਰਿਤਸਰ ਦੇ ਇੱਕ ਸਿੱਖ ਨੇ ਸਭ ਤੋਂ ਲੰਬੀ ਦਸਤਾਰ ਬੰਨ ਕੇ ਕੀਰਤੀਮਾਨ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ।ਦਸਤਾਰ ਦੀ ਲੰਬਾਈ ਕਿੰਨੀ ਸੀ?
ਉ.423:400 ਮੀਟਰ।
ਪ੍ਰ.424:ਕੀ ਵਿਸਾਖੀ ਸੰਨ 1399 ਤੋਂ ਹੀ ਮਨਾਈ ਜਾਂਦੀ ਰਹੀ ਹੈ?
ਉ.424:ਨਹੀਂ, ਬਹੁਤ ਪਹਿਲੇ ਤੋਂ।
ਪ੍ਰ.425:ਹੋਲਾ ਮਹੱਲਾ ਕਿਥੇ ਮਨਾਇਆ ਜਾਂਦਾ ਹੈ?
ਉ.425:ਅਨੰਦਪੁਰ ਸਾਹਿਬ ਵਿੱਖੇ।
ਪ੍ਰ.426:ਸਿੱਖ ਦਿਵਾਲੀ ਕਿਉਂ ਮਨਾਂਦੇ ਹਨ?
ਉ.426:ਇਸ ਦਿਨ ਗੁਰੂ ਹਰਗੋਬਿੰਦ ਸਾਹਿਬ ਨੂੰ ਗਵਾਲੀਅਰ ਕਿਲ੍ਹੇ ਤੋਂ ਰਿਹਾ ਕੀਤਾ ਗਿਆ ਸੀ।
ਪ੍ਰ.427:ਕਿਹੜੇ ਦੋ ਕਾਰਣ ਹਨ ਜਿਨ੍ਹਾਂ ਕਰਕੇ ਵਿਸਾਖੀ ਮਨਾਈ ਜਾਂਦੀ ਹੈ?
ਉ.427:ਖਾਲਸੇ ਦਾ ਜਨਮ ਦਿਹਾੜਾ ਅਤੇ ਫਸਲਾਂ ਦੀ ਕਟਾਈ।
ਪ੍ਰ.428:ਪਿੰਗਲਵਾੜਾ ਸ਼ਬਦ ਦਾ ਕੀ ਅਰਥ ਹੈ?
ਉ.428:ਕੁਸ਼ਟ ਰੋਗੀਆਂ ਲਈ ਨਿਵਾਸ।
ਪ੍ਰ.429:ਪਿੰਗਲਵਾੜਾ ਕਿਸ ਨੇ ਸ਼ੁਰੂ ਕੀਤਾ?
ਉ.429:ਭਗਤ ਪੂਰਨ ਸਿੰਘ ।

ਪ੍ਰ.430:ਭਗਤ ਪੂਰਨ ਸਿੰਘ ਨੇ ਇਹ ਸੇਵਾ ਕਿਸ ਪ੍ਰਕਾਰ ਸ਼ੁਰੂ ਕੀਤੀ ?
ਉ.430:ਨਿਆਸਰੇ ਚਾਰ ਸਾਲ ਦੇ ਬੱਚੇ ਪਿਆਰਾ ਸਿੰਘ, ਜਿਸ ਨੂੰ ਤਿਆਗ ਦਿੱਤਾ ਗਿਆ ਸੀ , ਦੀ ਦੇਖ ਰੇਖ ਨਾਲ।
ਪ੍ਰ.431:ਭਾਰਤ ਦਾ ਪਹਿਲਾ ਸਿੱਖ ਪ੍ਰਧਾਨ ਮੰਤਰੀ ਕੌਣ ਹੈ?
ਉ.431:ਡਾ. ਮਨਮੋਹਨ ਸਿੰਘ।
ਪ੍ਰ.432:ਕੀ ਕਿਸੇ ਖਾਸ ਜਾਤੀ ਦੇ ਲੋਕ ਦੂਜਿਆਂ ਕੋਲੋਂ ਉਚੇ ਹਨ, ਬੰਦਾ ਉਚਾ ਨੀਵਾਂ ਕਿਵੇਂ ਹੁੰਦਾ ਹੈ?
ਉ.432:ਨਹੀਂ, ਸਭ ਮਾਨਵ ਬਰਾਬਰ ਹਨ।ਬੰਦੇ ਦੇ ਕਰਮ ਹੀ ਉਸਨੂੰ ਉਚਾ ਜਾਂ ਨੀਵਾਂ ਬਣਾ ਸਕਦੇ ਹਨ।
ਪ੍ਰ.433:ਸਾਹਿਬ ਕੌਰ ਫੁਲਕੀਆਂ ਕੌਣ ਸੀ?
ਉ.433:ਉਹ ਪਟਿਆਲਾ ਦੀ ਸ਼ਹਿਜਾਦੀ ਸੀ ਅਤੇ ਅੰਗਰੇਜ਼ਾਂ ਦੇ ਵਿਰੁਧ ਕਈ ਲੜਾਈਆਂ ਵਿਚ ਫੌਜ਼ਾਂ ਦੀ ਅਗਵਾਈ ਕੀਤੀ।
ਪ੍ਰ.434:ਸੰਨ 1898ਵਿਚ ਭਾਈ ਵੀਰ ਸਿੰਘ ਦੁਆਰਾ ਲਿਖੇ ਪਹਿਲੇ ਪੰਜਾਬੀ ਨਾਵਲ ਦੀ ਨਾਇਕਾ ਕੌਣ ਸੀ?
ਉ.434:ਸੁੰਦਰੀ ,18ਵੀਂ ਸਦੀ ਦੀ ਇਕ ਮਿਸਾਲਯੋਗ ਕਲਪਿਤ ਸਿਖ ਇਸਤਰੀ।
ਪ੍ਰ.435:ਇਕ ਸਿਖ ਇਸਤਰੀ ਨੂੰ ਕੇਂਦਰ ਬਣਾਣ ਵਾਲਾ ਪਹਿਲਾ ਅੰਗਰੇਜੀ ਚਲਚਿਤਰ ਕਿਹੜਾ ਸੀ?
ਉ.435;ਬੇਂਡ ਇਟ ਲਾਈਕ ਬੇਕ੍ਹਹਮ।
ਪ੍ਰ.436:ਕਮਲਜੀਤ ਸੰਧੂ ਕੌਣ ਹੈ?
ਉ.436:ਉਹ ਏਸੀਆਈ ਸਵਰਨ ਪਦਕ ਜਿਤੱਣ ਵਾਲੀ ਪਹਿਲੀ ਭਾਰਤੀ ਨਾਰੀ ਸੀ।
ਪ੍ਰ.437:ਗੁਰੂ ਗੋਬਿੰਦ ਸਿੰਘ ਜੀ ਇਕ ਧਾਰਮਿਕ ਗੁਰੂ ਦੇ ਇਲਾਵਾ ਹੋਰ ਕਿਸ ਤਰ੍ਹਾਂ ਜਾਣੇ ਜਾਂਦੇ ਹਨ?
ਉ.437:ਵਿਦਵਾਨ,ਯੋਧਾ ਅਤੇ ਕਵੀ ਵੀ।
ਪ੍ਰ.438:ਕੀ ਗੁਰੂ ਅਮਰਦਾਸ ਜੀ ਦਾ ਜੀਵਨ ਕਾਲ ਸਭ ਗੁਰੂ ਸਾਹਿਬਾਨ ਕੋਲੋਂ ਲੰਬੇਰਾ ਸੀ,ਕਿੰਨਾ ਸੀ?
ਉ.438:ਹਾਂ,95ਸਾਲ।
ਪ੍ਰ.439:ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਬਾਰੇ ਲੋਕਾਂ ਨੂੰ ਕੀ ਦਸਿਆ?
ਉ.439:ਪਰਮਾਤਮਾ ਕੇਵਲ ਇਕ ਹੈ ਅਤੇ ਉਸ ਵਲ ਕਈ ਰਾਹ ਜਾਂਦੇ ਹਨ।
ਪ੍ਰ.440:ਕੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸਿੱਖ ਗੁਰੂਆਂ ਦੀ ਹੀ ਬਾਣੀ ਹੈ?
ਉ.440:ਨਹੀਂ,ਗੈਰ ਸਿਖਾਂ ਦੀ ਵੀ ਬਾਣੀ ਹੈ।

ਪ੍ਰ.441:ਸੰਨ 2003ਵਿਚ ਸਿੱਖਾਂ ਨੇ ਨਾਨਕਸ਼ਾਹੀ ਕੈਲੰਡਰ ਅਪਨਾਇਆ।ਨਾਨਕਸ਼ਾਹੀ ਕੈਲੰਡਰ ਬਣਾਣ ਵਾਲਾ ਕੌਣ ਸੀ?

ਉ.441: ਪਾਲ ਸਿੰਘ ਪੁਰਵਾਲ (ਕੈਨੇਡਾ ਨਿਵਾਸੀ ਸਿੱਖ)।

ਪ੍ਰ.442:ਨਾਨਕਸ਼ਾਹੀ ਕੈਲੰਡਰ ਅਨੁਸਾਰ ਪਹਿਲਾ ਸਾਲ ਕਿਹੜਾ ਸਾਲ ਹੈ?

ਉ.442: ਸੰਨ1469,ਗੁਰੂ ਨਾਨਕ ਸਾਹਿਬ ਦਾ ਜਨਮ।

ਪ੍ਰ.443: ਪਿਤਾ-ਪੁਰਖੀ ਵਿਰਸਾ ਭਰਪੂਰ ਪੰਜਾਬੀ ਸੱਭਿਓਆਚਾਰ ਕਿਸ ਲਈ ਪ੍ਰਸਿੱਧ ਹੈ?

ਉ.443:ਸਬਰ,ਪ੍ਰਗਤੀਵਾਦੀ ਅਤੇ ਤਰਕਸਿਧ ਪਹੁੰਚ ਵਾਲੀ ਜੀਵਨ ਸੇਧ।

ਪ੍ਰ.444: ਕੈਨੇਡਾ ਦਾ ਕਿਹੜਾ ਸ਼ਹਿਰ ਮਿਨੀ ਪੰਜਾਬ ਕਿਹਾ ਜਾਂਦਾ ਹੈ? ਮੋਂਟਰੀਅਲ, ਵੈਨਕੂਵਰ, ਟਰਾਂਟੋ. ਸੁਰ੍ਰੇ

ਉ.444: ਸੁਰ੍ਰੇ।

ਪ੍ਰ.445: ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵੇਲੇ ਜਾਰੀ ਸਿਕਿਆਂ ਨੂੰ ਕੀ ਆਖਦੇ ਸਨ?

ਉ.445: ਨਾਨਕਸ਼ਾਹੀ ਰੁਪਈਆ ।

ਪ੍ਰ.446: ਸ਼ਹੀਦ ਤੋਂ ਭਾਵ?

ਉ.446: ਜਾਨ ਕੁਰਬਾਨ ਕਰਣ ਵਾਲਾ ।

ਪ੍ਰ.447: ਸ਼ਹੀਦ ਹੋਣ ਵਾਲਾ ਪਹਿਲਾ ਸਿੱਖ ਗੁਰੂ ਕੌਣ ਸੀ ਅਤੇ ਕਦੋ?

ਉ.447: ਗੁਰੂ ਅਰਜਨ ਦੇਵ ਜੀ ਮਈ 1606।

ਪ੍ਰ.448: ਸ਼ਹੀਦ ਹੋਣ ਵਾਲਾ ਦੂਜਾ ਸਿੱਖ ਗੁਰੂ ਕੌਣ ਸੀ ਅਤੇ ਕਦੋ?

ਉ.448: ਗੁਰੂ ਤੇਗ ਬਹਾਦਰ ਜੀ, 11 ਨਵੰਬਰ 1675।

ਪ੍ਰ.449: ਕੀ ਦੋਹਨੋਂ ਗੁਰੂ ਸਾਹਿਬਾਨ ਜਿਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ ਪਿਤਾ ਤੇ ਪੁੱਤਰ ਸਨ?

ਉ.449: ਨਹੀਂ,ਗੁਰੂ ਤੇਗ ਬਹਾਦਰ,ਗੁਰੂ ਅਰਜਨ ਦੇਵ ਜੀ ਦੇ ਪੋਤਰੇ ਸਨ।

ਪ੍ਰ.450: ਸ਼ਹੀਦ ਹੋਣ ਵਾਲੀ ਪਹਿਲੀ ਸਿੱਖ ਇਸਤਰੀ ਕੌਣ ਸੀ?

ਉ.450: ਮਾਤਾ ਗੁਜਰੀ ਜੀ।

ਪ੍ਰ.451: ਉਹ ਕਿਹੜੀ ਇੱਕੋ ਇੱਕ ਸਿੱਖ ਇਸਤਰੀ ਸੀ ਜੋ ਕਿ ਇੱਕ ਸ਼ਹੀਦ ਦੀ ਪਤਨੀ,ਮਾਂ,ਚਾਰ ਸ਼ਹੀਦਾਂ ਦੀ ਦਾਦੀ,ਇੱਕ ਸ਼ਹੀਦ ਦੀ ਭੈਣ ਤੇ ਪੰਜ ਸ਼ਹੀਦਾਂ ਦੀ ਚਾਚੀ ਸੀ?

ਉ.451: ਮਾਤਾ ਗੁਜਰੀ ਜੀ ।

ਪ੍ਰ.452: ਗੁਰੂ ਗੋਬਿੰਦ ਸਿੰਘ ਜੀ ਦੇ ਚਾਰੋਂ ਸਾਹਿਬਜ਼ਾਦੇ ਕਿਹੜੇ ਸਾਲ ਸ਼ਹੀਦ ਹੋਏ?

ਉ.452: 1705.

ਪ੍ਰ.453: ਭਾਈ ਮਤੀ ਦਾਸ ਜੀ ਨੇ ਜੀਵਨ ਕੁਰਬਾਨ ਕਿਸ ਪਰਕਾਰ ਕੀਤਾ?

ਉ.453: ਉਹਨਾਂ ਨੂੰ ਸੰਗਲ ਨਾਲ ਬੰਨ ਕੇ ਚੀਰਿਆ ਗਿਆ।

ਪ੍ਰ.454:ਭਾਈ ਦਿਆਲ ਦਾਸ ਨੇ ਗੁਰੂ ਤੇਗ ਬਹਾਦਰ ਜੀ ਨਾਲ ਜੀਵਨ ਕੁਰਬਾਨ ਕੀਤਾ।ਉਹਨਾਂ ਨੂੰ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ?
ਉ.454:ਉਹਨਾਂ ਨੂੰ ਦੇਗ ਵਿਚ ਉਬਾਲਿਆ ਗਿਆ।
ਪ੍ਰ.455:ਕਿਸ ਨੇ ਆਪਣੇ ਰੋਮਾਂ ਨੂੰ ਕਟੇ ਜਾਣ ਦੀ ਥਾਂ ਖੋਪੜੀ ਲੁਹਾਣੀ ਪਰਵਾਨ ਕੀਤੀ?
ਉ.455:ਭਾਈ ਤਾਰੂ ਸਿੰਘ ਜੀ ਨੇ।
ਪ੍ਰ.456:ਜਦ ਮੁਗਲਾਂ ਨੇ ਘੇਰਾ ਪਾ ਲਿਆ ਸੀ ਤਾਂ 40ਸਿਖਾਂ(ਮੁਕਤਿਆਂ) ਨੇ ਅਨੰਦਪੁਰ ਨੂੰ ਸੁਰਖਿਆ ਸਹਿਤ ਛੋੜਨ ਲਈ ਕੀ ਕੀਤਾ?
ਉ.456:ਉਹਨਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਕਿਹਾ ਕਿ ਉਹ ਉਹਨਾਂ ਦੇ ਸਿੱਖ ਨਹੀਂ ਅਤੇ ਉਹ ਉਹਨਾਂ ਦੇ ਗੁਰੂ ਨਹੀਂ।
ਪ੍ਰ.457:ਗੁਰੂ ਗੋਬਿੰਦ ਸਿੰਘ ਜੀ ਨੇ 40 ਸਿਖਾਂ ਨੂੰ ਕੀ ਕਰਣ ਲਈ ਕਿਹਾ?
ਉ.457:ਕਾਗਜ਼ ਤੇ (ਬੇਦਾਵਾ) ਲਿਖਿਵਾਇਆ ਸਿ ਉਹ ਉਹਨਾਂ ਦੇ ਸਿੱਖ ਨਹੀਂ ਅਤੇ ਉਹ ਉਹਨਾਂ ਦੇ ਗੁਰੂ ਨਹੀਂ।
ਪ੍ਰ.458:ਬੇਦਾਵਾ ਲਿਖਨ ਵਾਲੇ 40 ਸਿੱਖਾਂ ਦਾ ਆਗੂ ਕੌਣ ਸੀ?
ਉ.458:ਭਾਈ ਮਹਾ ਸਿੰਘ।
ਪ੍ਰ.459:ਅਖੀਰ ਵਿੱਚ ਇਹਨਾਂ 40 ਸਿੱਖਾਂ ਨੇ ਕੀ ਕੀਤਾ?
ਉ.459:ਗੁਰੂ ਗੋਬਿੰਦ ਸਿੰਘ ਜੀ ਦੀ ਰੱਖਿਆ ਕਰਦਿਆਂ ਜਾਨਾਂ ਕੁਰਬਾਨ ਕਰ ਦਿੱਤਿਆਂ।
ਪ੍ਰ.460:ਮਾਈ ਭਾਗੋ ਕੌਣ ਸੀ?
ਉ.460:ਮਾਈ ਭਾਗੋ ਸਿੱਖ ਬੀਬੀ ਸੀ ਜਿਸਨੇ ਇਹਨਾਂ 40 ਸਿੱਖਾਂ ਨੂੰ ਚਾਪਸ ਜੰਗ ਵਿੱਚ ਭੇਜਿਆ।
ਪ੍ਰ.461:ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦੇ ਮਹੱਤਵਪੂਰਨ ਅੰਗ ਕਿਉਂ ਹਨ?
ਉ.461:ਉਹਨਾਂ ਨੇ ਹਮਲਾ ਕੀਤਾ ਅਤੇ ਸਰਹੰਦ (ਜਿਥੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਦੀਵਾਰ ਵਿੱਚ ਚਿਣੇ ਗਏ ਸਨ) ਤੇ ਕਬਜ਼ਾ ਕੀਤਾ।
ਪ੍ਰ.462: ਬਾਬਾ ਬੰਦਾ ਸਿੰਘ ਬਹਾਦਰ ਨੂੰ ਕਦੋ ਤੇ ਕਿੱਸ ਸ਼ਹੀਦ ਕੀਤਾ ਗਿਆ?
ਉ.462: 1716 ਵਿੱਚ ਮੌਤ ਦੇ ਘਾਟ ਉਤਾਰਨ ਤੋ ਪਹਿਲੇ ਗ੍ਰਿਫਤਾਰ ਕਰਕੇ ਤਸੀਹੇ ਦਿੱਤੇ ਗਏ।
ਪ੍ਰ.463: ਬਾਬਾ ਦੀਪ ਸਿੰਘ ਜੀ ਸਿੱਖ ਇਤਹਾਸ ਵਿੱਚ ਕਿੱਸ ਤਰਾਂ ਜਾਨੇ ਜਾਦੇਂ ਹਨ?
ਉ.463: ਉਹ ਉਘੇ ਸਿੱਖ ਸ਼ਹੀਦਾਂ ਵਿਚੋਂ ਸਨ।
ਪ੍ਰ;464: ਬਾਬਾ ਦੀਪ ਸਿੰਘ ਪ੍ਰਸਿਧ ਕਿਉਂ ਹਨ?
ਉ.464: ਅਫਗਾਨਾਂ ਨਾਲ ਲੜਾਈ ਵਿੱਚ ਜਾਨ ਗੁਆਣ ਬਾਦ ਵਿੱਚ ਆਪਣਾ ਸੀਸ ਤਲੀ ਤੇ ਰੱਖ ਕੇ ਜਾਰੀ ਰਖੀ।

ਪ੍ਰ.465:ਬਾਬਾ ਦੀਪ ਸਿੰਘ ਜੀ ਲੜਾਈ ਕਿਉਂ ਲੜ ਰਹੇ ਹਨ?
ਉ.465:ਉਹ ਅਫਗਾਨਾਂ ਨਾਲ ਲੜ ਰਹੇ ਸਨ, ਜਿਨਾਂ ਨੇ ਸੰਨ 1757 ਵਿੱਚ ਹਰਮੰਦਰ ਸਾਹਿਬ ਤੇ ਹਮਲਾ ਕੀਤਾ ਤੇ ਤਬਾਹ ਕੀਤਾ।
ਪ੍ਰ.466:ਭਾਈ ਮਨੀ ਸਿੰਘ ਦੇ ਕਿੰਨੇ ਭਰਾਵਾਂ ਅਤੇ ਕਿੰਨੇ ਪੁਤਰਾਂ ਨੇ ਸਿੱਖ ਪੰਥ ਲਈ ਜਾਨਾਂ ਵਾਰੀਆਂ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ?
ਉ.466:11ਭਰਾਵਾਂ ਨੇ ਤੇ 10 ਪੁਤਰਾਂ ਨੇ।
ਪ੍ਰ.467:ਕਿਹੜੇ ਦੋ ਸਿੱਖ ਸਨ ਜਿਹਨਾਂ ਨੇ ਮੱਸਾ ਰੰਘੜ ਦਾ ਕਤਲ ਕੀਤਾ?
ਉ.467:ਭਾਈ ਮਹਿਤਾਬ ਸਿੰਘ ਭਾਈ ਸੁੱਖਾ ਸਿੰਘ।
ਪ੍ਰ.468:ਭਗਤ ਸਿੰਘ ਦਾ ਜਨਮ ਕਦੋ ਹੋਇਆ?
ਉ.468:27 ਸਤੰਬਰ 1907
ਪ੍ਰ.469:ਭਗਤ ਸਿੰਘ ਨੇ ਕੀ ਕੀਤਾ?
ਉ.469:ਉਸਨੇ ਮਿਸਟਰ ਸਾਂਡਰਸ ਦਾ ਕਤਲ ਕੀਤਾ ਅਤੇ ਕੇਂਦਰੀ ਸਭਾ ਵਿੱਚ ਬੰਬ ਸੁਟਿਆ।
ਪ੍ਰ.470:ਅੰਗਰੇਜ ਦੁਆਰਾ ਫਾਂਸੀ ਦਿੱਤੇ ਜਾਣ ਵੇਲੇ ਭਗਤ ਸਿੰਘ ਦੀ ਆਯੂ ਕਿੰਨੀ ਸੀ?
ਉ.470:23 ਸਾਲ।
ਪ੍ਰ.471:ਭਗਤ ਸਿੰਘ ਨੂੰ ਫਾਂਸੀ ਕਦੋ ਚੜਾਇਆ ਗਿਆ?
ਉ.471:23 ਮਾਰਚ 1931।
ਪ੍ਰ.472:ਕਰਤਾਰ ਸਿੰਘ ਸਰਾਭਾ ਨੂੰ ਕਦੋ ਫਾਂਸੀ ਚੜਾਇਆ ਗਿਆ?
ਉ.472:16 ਨਵੰਬਰ 1915 ।
ਪ੍ਰ.473: ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਚੜ੍ਹਾਇਆ ਗਿਆ ਉਹਨਾਂ ਦੀ ਉਮਰ ਕਿੰਨੀ ਸੀ?
ਉ.473:18 ਸਾਲ ।
ਪ੍ਰ.474:ਕੀ ਸਿਖਾਂ ਨੂੰ ਰੋਮ ਕਟਣ ਦੀ ਇਜ਼ਾਜ਼ਤ ਹੈ?
ਉ.474:ਨਹੀਂ।
ਪ੍ਰ.475:ਕੀ ਸਿਖਾਂ ਨੂੰ ਕੇਸ ਕਜਣੇ ਜ਼ਰੂਰੀ ਹਨ?
ਉ.475:ਅੰਮ੍ਰਿਤਧਾਰੀ ਸਿਖਾਂ ਲਈ ਜ਼ਰੂਰੀ ਹਨ।
ਪ੍ਰ.476:ਮਾਤਾ ਖੀਵੀ ਕੌਣ ਸਨ?
ਉ.476:ਉਹ ਗੁਰੂ ਅੰਗਦ ਸਾਹਿਬ ਜੀ ਦੀ ਧਰਮ ਸੁਪਤਨੀ, ਜੋ ਲੰਗਰ ਦੇ ਇੰਚਾਰਜ ਸਨ।

ਪ੍ਰ.477:ਉਹ ਕਿਹੜੀ ਇਕੋ ਇਸਤਰੀ ਹੈ ਜੋ ਇਕ ਗੁਰੂ ਸਾਹਿਬ ਦੀ ਧੀ, ਇਕ ਗੁਰੂ ਸਾਹਿਬ ਦੀ ਸੁਪਤਨੀ ਅਤੇ ਇਕ ਗੁਰੂ ਸਾਹਿਬ ਦੀ ਮਾਂ ਵੀ ਸੀ?
ਉ.477:ਬੀਬੀ ਭਾਨੀ,ਗੁਰੂ ਅਮਰਦਾਸ ਜੀ ਦੀ ਧੀ, ਗੁਰੂ ਰਾਮਦਾਸ ਜੀ ਦੀ ਸੁਪਤਨੀ ਅਤੇ ਗੁਰੂ ਅਰਜਨ ਸਾਹਿਬ ਜੀ ਦੀ ਮਾਂ।
ਪ੍ਰ.478:ਗੁਰੂ ਤੇਗ ਬਹਾਦਰ ਸਾਹਿਬ ਦੀ ਭੈਣ ਬੀਬੀ ਵੀਰੋ ਦੇ ਕਿੰਨੇ ਪੁਤਰਾਂ ਨੇ ਸ਼ਹੀਦੀ ਪ੍ਰਾਪਤ ਕੀਤੀ?
ਉ.478:ਪੰਜ।
ਪ੍ਰ.479:ਮਾਤਾ ਗੰਗਾ ਜੀ ਕੌਣ ਸਨ ?
ਉ.479:ਮਾਤਾ ਗੰਗਾ ਗੁਰੂ ਅਰਜਨ ਸਾਹਿਬ ਜੀ ਦੀ ਸੁਪਤਨੀ ਸਨ।
ਪ੍ਰ.480:ਸ਼ਰਨ ਕੌਰ ਕੌਣ ਸੀ ?
ਉ.480:ਉਸਦੀ ਦਲੇਰੀ ਨੇ ਸਿੱਖ ਸਲਤਨਤ ਨੂੰ ਬਚਾਇਆ ਸੀ ।
ਪ੍ਰ.481:ਸ਼ਰਨ ਕੌਰ ਨੇ ਕੀ ਕੀਤਾ ਸੀ ?
ਉ.481:ਜਦੋ ਹਰੀ ਸਿੰਘ ਨਲੂਆ ਮਾਰੇ ਗਏ ਤਾਂ ਉਹਨਾਂ ਦੀ ਮੌਤ ਬਾਰੇ ਮਹਾਰਾਜਾ ਰਣਜੀਤ ਸਿੰਘ ਨੂੰ ਖਬਰ ਪਹੁੰਚਾਣ ਦਾ ਜੋਖਿਮ ਚੁਕਿਆ ਸੀ ।
ਪ੍ਰ.482:ਰਾਣੀ ਸਦਾ ਕੌਰ ਕੌਣ ਸੀ ?
ਉ.482:ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸੀ ।
ਪ੍ਰ.483:ਲਾਹੋਰ ਤੇ ਕਾਬੂ ਰੱਖਣ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਕਿੱਸ ਨੇ ਕੀਤੀ?
ਉ.483:ਰਾਣੀ ਸਦਾ ਕੌਰ ।
ਪ੍ਰ.484:ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਰਾਣੀ ਸਦਾ ਕੌਰ ਨੂੰ ਹਿਰਾਸਤ ਵਿੱਚ ਕਿਉਂ ਰੱਖਿਆ?
ਉ.484:ਕਿਉਂਕਿ ਉਹ ਆਪਣੀ ਰਿਆਸਤ ਸ਼ੇਰ ਸਿੰਘ (ਮਹਾਰਾਜਾ ਰਣਜੀਤ ਸਿੰਘ ਦੇ ਪੁਤਰ) ਨੂੰ ਨਹੀਂ ਸੌਂਪ ਰਹੀ ਸੀ ।
ਪ੍ਰ.485:ਸਾਰੇ ਸੰਸਾਰ ਵਿੱਚ ਸਿਖਾਂ ਦੀ ਵਸੋ ਕਿੰਨੀ ਹੈ?
ਉ.485:ਲਗਭਗ 2 ਕਰੋੜ 30 ਲੱਖ ।
ਪ੍ਰ.486:ਭਾਰਤ ਵਿੱਚ ਕਿੰਨੇ ਸਿੱਖ ਹਨ?
ਉ.486:ਲਗਭਗ 2 ਕਰੋੜ 20 ਲੱਖ, ਭਾਰਤ ਦੀ ਵਸੋਂ ਦਾ 2 ਪ੍ਰਤੀਸ਼ਤ ।
ਪ੍ਰ.487:ਭਾਰਤ ਦੇ  ਬਾਹਰ ਕਿੰਨੇ ਸਿੱਖ ਹਨ?
ਉ.487:ਦਸ ਲੱਖ ।
ਪ੍ਰ.488:ਕੇਂਦਰੀ ਆਸਟ੍ਰੇਲੀਆਂ ਵਿੱਚ ਪਹਿਲਾ ਸਿੱਖ ਕਦੋਂ ਆਇਆ ?
ਉ.488:ਸੰਨ 1860।

ਪ੍ਰ.489:ਨਿਯੁਜੀਲੈਂਡ ਅਤੇ ਆਸਟ੍ਰੇਲੀਆਂ ਵਿੱਚ ਸਿੱਖ ਕਦੋਂ ਤੋਂ ਹਨ?
ਉ:489:ਸੰਨ 1890 ਦਾ ਦਹਾਕਾ ।
ਪ੍ਰ.490:ਦੂਜੀ ਸਿੱਖ ਜੰਗ ਬਾਦ ਕਿਸ  ਵੇਲੇ ਮਲਾਯਾ ਵਿੱਚ ਪਹਿਲੇ ਸਿੱਖ ਰਾਜਨੀਤਕ ਕੈਦੀ ਦੇ ਰੂਪ ਵਿੱਚ ਕਦੋਂ ਆਏ ? 1830,1840,1850 ਦੇ ਦਹਾਕੇ
ਉ.490:1850 ਦੇ ਦਹਾਕੇ ।
ਪ੍ਰ.491:ਫਰਾਂਸ ਵਿੱਚ ਲਗਬਗ ਕਿੰਨੇ ਸਿੱਖ ਰਹਿੰਦੇ ਹਨ ?
ਉ.491:5000-6000 ।
ਪ੍ਰ.492:ਸੰਨ 2004 ਵਿੱਚ ਫਰਾਂਸ ਵਿਚਲੇ ਸਿੱਖਾਂ ਨੂੰ ਕਿਸ ਅਧਿਕਾਰ ਲਈ ਲੜਨਾ ਪਿਆ?
ਉ.492:ਦਸਤਾਰ ਪਹਿਨਣ ਲਈ ।
ਪ੍ਰ.493:ਕੀਨਯਾ ਵਿੱਚ ਪਹਿਲਾ ਗੁਰਦੁਆਰਾ ਕਦੋਂ ਉਸਾਰਿਆ ?
ਉ.493:ਸੰਨ 1892 ।
ਪ੍ਰ.494:ਇਸ ਵੇਲੇ ਕੈਨੇਡਾ ਵਿੱਚ ਕਿੰਨੇ ਸਿੱਖ ਹਨ?
ਉ.494:3,00,000 ।
ਪ੍ਰ.495:ਕਾਮਾਗਾਟਾ ਮਾਰੂ ਕੀ ਹੈ?
ਉ.495:ਇਹ ਸਮੁੰਦਰੀ ਜ਼ਹਾਜ਼ ਸੀ ਜਿਸਨੂੰ ਸਿੱਖ ਬਿਨਾਂ ਰੁਕੇ ਹਾਂਗਕਾਂਗ ਤੋਂ ਕੈਨੇਡਾ ਸਫਰ ਲਈ ਵਰਤਦੇ ਸਨ ।
ਪ੍ਰ.496:ਕਾਮਾਗਾਟਾ ਮਾਰੂ ਦੀ ਯਾਤਰਾ ਦਾ ਪ੍ਰਬੰਧ ਕੌਣ ਕਰਦਾ ਸੀ?
ਉ.496:ਭਾਈ ਗੁਰਦਿਤ ਸਿੰਘ ।
ਪ੍ਰ.497:ਕਾਮਾਗਾਟਾ ਮਾਰੂ ਸਮੁੰਦਰੀ ਜ਼ਹਾਜ਼ ਵਿੱਚ ਕਿੰਨੇ ਲੋਕ ਸਨ ?
ਉ.497:376 ਅੰਗਰੇਜ਼ੀ ਪਰਜਾ (12 ਹਿੰਦੂ,24 ਮੁਸਲਿਮ ਅਤੇ 340 ਸਿੱਖ) ਜੋ ਭਾਰਤੀ ਸ੍ਰੋਤ ਸਨ ।
ਪ੍ਰ.498:ਕਾਮਾਗਾਟਾ ਮਾਰੂ ਵੈਨਕੂਵਰ ਕਦੋਂ ਪਹੁੰਚਿਆ ਸੀ?
ਉ.498:23 ਮਈ 1914 ।
ਪ੍ਰ.499:ਕਾਮਾਗਾਟਾ ਮਾਰੂ ਦੇ ਯਾਤਰੀਆਂ ਨਾਲ ਕੀ ਵਾਪਰਿਆ?
ਉ.499:ਯਾਤਰੀਆਂ ਵਿੱਚੋਂ 352 ਨੂੰ ਦਾਖਲਾ ਵਿਵਰਜਿਤ ਕਰ ਦਿੱਤਾ ਅਤੇ 23 ਜੁਲਾਈ, 1914 ਨੂੰ ਚਲੇ ਜਾਣ ਲਈ ਮਜਬੂਰ ਕੀਤਾ ।
ਪ੍ਰ.500:ਜਦੋਂ ਕਾਮਾਗਾਟਾ ਮਾਰੂ ਦੇ ਯਾਤਰੀ ਭਾਰਤ ਵਾਪਸ ਪਹੁੰਚੇ ਤਾਂ ਉਹਨਾਂ ਨਾਲ ਕੀ ਵਾਪਰਿਆ?
ਉ.500: ਜਦੋਂ ਉਹ ਵਾਪਸ ਭਾਰਤ ਵਾਪਸ ਪਹੁੰਚੇ ਤਾਂ ਉਹਨਾਂ ਨੂੰ ਜੀ ਆਇਆਂ ਨਹੀਂ ਕਿਹਾ ਗਿਆ।

ਪ੍ਰ.501: ਜਦੋਂ ਕਾਮਾਗਾਟਾ ਮਾਰੂ ਦੇ ਯਾਤਰੀ ਕਲਕੱਤਾ ਵਾਪਸ ਪਹੁੰਚੇ ਤਾਂ ਯਾਤਰੀਆਂ ਨਾਲ ਕੀ ਵਾਪਰਿਆ?
ਉ.501:ਅੰਗਰੇਜ਼ੀ ਸਿਪਾਹੀਆਂ ਨੇ ਉਹਨਾਂ ਤੇ ਗੋਲੀਆਂ ਚਲਾਈਆਂ ਜਿਸ ਨਾਲ 20 ਲੋਕ ਮਾਰੇ ਗਏ ।
ਪ੍ਰ.502:19 ਅਪਰੈਲ,1999 ਨੂੰ, ਕੈਨੇਡਾ ਸਰਕਾਰ ਨੇ ਖਾਲਸਾ ਸਿਰਜਨਾ ਦਿਵਸ ਦੀ 300ਵੀਂ ਵਰ੍ਹੇ ਗੰਢ ਦੇ ਮਾਣ ਵਿੱਚ ਕੀ ਕੀਤਾ ?
ਉ.502:ਖੰਡੇ ਨੂੰ ਦਰਸਾਂਦੇ ਕੈਨੇਡਾ ਦੀ ਡਾਕ ਟਿਕਟ ਜਾਰੀ ਕੀਤੀ ।
ਪ੍ਰ.503:ਬਰਤਾਨਵੀ ਕੋਲੰਬੀਆ,ਕੈਨੇਡਾ ਵਿੱਚ ਕਿੰਨੇ ਸਿੱਖ ਹਨ ?
ਉ.503:1,35,000 ਤੋਂ ਵੱਧ ।
ਪ੍ਰ.504: :ਬਰਤਾਨਵੀ ਕੋਲੰਬੀਆ ਵਿਖੇ ਪਹਿਲਾ ਸਿੱਖ ਕਦੋਂ ਆਇਆ ?
ਉ.504: ਬਰਤਾਨਵੀ ਕੋਲੰਬੀਆ ਵਿੱਚ ਸੰਨ 1897 ਨੂੰ ।
ਪ੍ਰ.505:ਭਾਰਤ ਤੋਂ ਬਾਹਰ ,ਕਿਸ ਦੇਸ਼ ਵਿੱਚ ਸਿੱਖਾਂ ਦੀ ਵਸੋਂ ਸਭ ਤੋਂ ਵੱਧ ਹੈ?
ਉ.505:ਇੰਗਲੈਂਡ; 3,40,000 ।
ਪ੍ਰ.506:ਇੰਗਲੈਂਡ ਵਿੱਚ ਵਿਖੇ ਪਹਿਲਾ ਸਿੱਖ ਕਦੋਂ ਆਇਆ ?
ਉ.506:ਸੰਨ 1854 ।
ਪ੍ਰ.507:1960 ਦਹਾਕੇ ਵਿੱਚ, ਦੋ ਇੰਗਲੈਂਡ ਦੇ ਸਿੱਖਾਂ ਨੂੰ ਕੀ ਪਹਿਨ ਕੇ ਕੰਮ ਕਰਣ ਦੇ ਅਧਿਕਾਰ ਤੋਂ ਵੰਚਿਤ ਕੀਤਾ ?
ਉ.507:ਦਸਤਾਰ ।
ਪ੍ਰ.508:ਕਦੋਂ ਤੋਂ ਇੰਗਲੈਂਡ ਦੇ ਸਿੱਖਾਂ ਨੂੰ ਹੇਲਮੇਟ ਦੀ ਥਾਂ ਦਸਤਾਰ ਪਹਿਨ ਕੇ ਮੋਟਰ ਸਾਇਕਲ ਚਲਾਣ ਦੀ ਇਜ਼ਾਜ਼ਤ ਹੈ?
ਉ.508:1976 ਤੋਂ ।
ਪ੍ਰ.509:ਅਮਰੀਕਾ ਵਿਚ ਕਿੰਨੇ ਸਿੱਖ ਹਨ ?
ਉ.509:ਲਗਭਗ 1,00,000 ।
ਪ੍ਰ.510:ਸੰਨ 1994,ਪੰਜ ਸਾਲ ਕਚਿਹਰੀਆਂ ਵਿਚ ਲਾਣ ਉਪ੍ਰੰਤ,ਕੈਨੇਡਾ ਦੇ ਸਿੱਖਾਂ ਨੂੰ ਕੈਨੇਡਾ ਸ਼ਾਹੀ ਘੋੜ ਸਵਾਰ ਪੁਲਿਸ ਵਿੱਚ ਕੀ ਪਹਿਨਣ ਦੀ ਆਗਿਆ ਮਿਲੀ ?
ਉ.510:ਦਸਤਾਰ ਪਹਿਨਣ ਦੀ ।
ਪ੍ਰ.511:ਅਮਰੀਕਾ ਕਾਂਗਰਸ ਵਿੱਚ ਨਿਰਵਾਚਿਤ ਹੋਣ ਵਾਲਾ ਪਹਿਲਾ ਸਿੱਖ ਕਿਹੜਾ ਸੀ,ਕਿੱਥੇ ਤੇ ਕਦੋਂ ?
ਉ.511:ਦਲੀਪ ਸਿੰਘ ਸੌਂਦ, ਕੈਲੀਫੋਰਨੀਆ ਵਿੱਚ ਸੰਨ 1955 ।

ਪ੍ਰ.512:ਕਿਹੜੀ ਇਮਾਰਤ ਇੱਕ ਅਮਰੀਕਨ ਸਿੱਖ ਦੇ ਸਪਨੇ ਨੂੰ ਸਾਕਾਰ ਹੋਣ ਦਾ ਮਾਣ ਦਿੰਦੀ ਹੈ?
ਉ.512:"ਦਲੀਪ ਸਿੰਘ ਸੌਂਦ ਡਾਕ ਘਰ ਇਮਾਰਤ"।
ਪ੍ਰ.513:ਕੀ ਕੈਨੇਡਾ ਦੀ ਰਾਜਨੀਤੀ ਪਰਣਾਲੀ ਵਿਚ ਕਿਸੇ ਸਿੱਖ ਨੂੰ ਦਸਤਾਰ ਪਹਿਨ ਕੇ ਕੰਮ ਕਰਨ ਦੀ ਆਗਿਆ ਹੈ?
ਉ.513:ਹਾਂ।ਕੈਨੇਡਾ ਵਿੱਚ ਸਿੱਖ ਐਮ ਪੀ ਪੀ ਅਤੇ ਐਮ ਪੀ ਵੀ ਹਨ ।
ਪ੍ਰ.514: ਕੈਨੇਡਾ ਵਿੱਚ ਸਿੱਖਾਂ ਨੂੰ ਮੱਤ ਦੇਣ ਦਾ ਅਧਿਕਾਰ ਕਦੋਂ ਪ੍ਰਾਪਤ ਹੋਇਆ?
ਉ.514:2 ਅਪਰੈਲ, 1947 ।